ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 16 | Monday, January 24, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਵੈਕਸੀਨ ਮੈਨਡੇਟ ਖਿਲਾਫ ਟਰੱਕਰਜ਼ ਵੱਲੋਂ ਐਲਾਨੇ ਮੁਜ਼ਾਹਰੇ ਦੀ ਕੈਨੇਡੀਅਨ ਟਰੱਕਿੰਗ ਅਲਾਇੰਸ ਨੇ ਕੀਤੀ ਨਿਖੇਧੀ

ਓਟਵਾ, 23 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਦੀ ਕਰੌਸ ਬਾਰਡਰ ਟਰੈਵਲ ਵੈਕਸੀਨ ਮੈਨਡੇਟ ਦੇ ਖਿਲਾਫ ਵਿਰੋਧ ਕਰਨ ਦੀ ਯੋਜਨਾ ਦੀ ਕੈਨੇਡਾ ਭਰ ਦੇ ਟਰੱਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਫੈਡਰੇਸ਼ਨ ਵੱਲੋਂ ਨਿਖੇਧੀ ਕੀਤੀ ਗਈ ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਮੁਜ਼ਾਹਰੇ ਕਿਸੇ ਨੀਤੀ ਦੀ ਖਿਲਾਫਤ ਕਰਨ ਦਾ ਸੇਫ ਤੇ ਪ੍ਰਭਾਵਸ਼ਾਲੀ ਢੰਗ ਨਹੀਂ ਹੁੰਦੇ।

ਕੈਨੇਡੀਅਨ ਟਰੱਕਿੰਗ ਅਲਾਇੰਸ ਨੇ ਬ੍ਰਿਟਿਸ਼ ਕੋਲੰਬੀਆ ਤੋਂ ਓਟਵਾ ਲਈ ਰਵਾਨਾ ਹੋਣ ਵਾਲੇ ਗੈਰ ਵੈਕਸੀਨੇਟਿਡ ਟਰੱਕਰਜ਼ ਦੇ ਕਾਫਲੇ ਤੋਂ 24 ਘੰਟੇ ਪਹਿਲਾਂ ਇਹ ਬਿਆਨ ਦਿੱਤਾ। ਇਨ੍ਹਾਂ ਟਰੱਕਰਜ਼ ਦੀ ਯੋਜਨਾ ਇਹ ਹੈ ਕਿ 29 ਜਨਵਰੀ ਨੂੰ ਹੋਣ ਵਾਲੇ ਇਸ ਮੁਜ਼ਾਹਰੇ ਲਈ ਇਸ ਕਾਫਲੇ ਨਾਲ ਕੈਨੇਡਾ ਭਰ ਤੋਂ ਹੋਰ ਡਰਾਈਵਰਾਂ ਦੇ ਫਲੀਟ ਵੀ ਜੁੜਨਗੇ। ਫਿਰ ਉੱਥੇ ਕੈਨੇਡਾ-ਯੂਐਸ ਬਾਰਡਰ ਪਾਰ ਕਰਨ ਲਈ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟਿਡ ਹੋਣ ਦੇ ਫੈਡਰਲ ਸਰਕਾਰ ਵੱਲੋਂ ਐਲਾਨੇ ਨਿਯਮ ਦੇ ਵਿਰੋਧ ਵਿੱਚ ਰੈਲੀ ਕੀਤੀ ਜਾਵੇਗੀ।




ਕੈਨੇਡੀਅਨ ਟਰੱਕਿੰਗ ਅਲਾਇੰਸ (ਸੀਟੀਏ) ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਉਹ ਪਬਲਿਕ ਰੋਡਵੇਜ਼, ਹਾਈਵੇਅਜ਼ ਤੇ ਪੁਲਾਂ ਉੱਤੇ ਕੀਤੇ ਜਾਣ ਵਾਲੇ ਕਿਸੇ ਵੀ ਤਰ੍ਹਾਂ ਦੇ ਮੁਜ਼ਾਹਰੇ ਦਾ ਸਮਰਥਨ ਨਹੀਂ ਕਰਦੀ। ਅਲਾਇੰਸ ਨੇ ਆਖਿਆ ਕਿ ਵੱਡੀ ਗਿਣਤੀ ਵਿੱਚ ਕੈਨੇਡੀਅਨ ਟਰੱਕਿੰਗ ਇੰਡਸਟਰੀ ਦੇ ਮੈਂਬਰਾਂ ਦੀ ਵੈਕਸੀਨੇਸ਼ਨ ਹੋ ਚੁੱਕੀ ਹੈ। ਇਹ ਵੀ ਆਖਿਆ ਗਿਆ ਕਿ ਟਰੱਕ ਡਰਾਈਵਰਾਂ ਦਰਮਿਆਨ ਇਮਿਊਨਾਈਜ਼ੇਸ਼ਨ ਦਰ ਆਮ ਜਨਤਾ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਅਲਾਇੰਸ ਦੇ ਪ੍ਰੈਜ਼ੀਡੈਂਟ ਸਟੀਫਨ ਲਾਸਕੋਵਸਕੀ ਨੇ ਕੈਨੇਡਾ ਤੇ ਅਮਰੀਕਾ ਵਿੱਚ ਕਰੌਸ ਬਾਰਡਰ ਵੈਕਸੀਨੇਸ਼ਨ ਨਿਯਮ ਹੋਂਦ ਵਿੱਚ ਆਉਣ ਦਾ ਹਵਾਲਾ ਦੇ ਕੇ ਸਾਰੇ ਟਰੱਕਰਜ਼ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਇਸ ਨਿਯਮ ਵਿੱਚ ਕੋਈ ਤਬਦੀਲੀ ਨਹੀਂ ਹੋਣ ਵਾਲੀ ਤੇ ਇੱਕ ਇੰਡਸਟਰੀ ਵਜੋਂ ਸਾਨੂੰ ਇਸ ਨਿਯਮ ਨੂੰ ਅਪਨਾਉਣਾ ਚਾਹੀਦਾ ਹੈ ਸਗੋਂ ਇਸ ਉੱਤੇ ਅਮਲ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਕਿਸੇ ਵੀ ਕਮਰਸ਼ੀਅਲ ਟਰੱਕ ਜਾਂ ਕਿਸੇ ਹੋਰ ਗੱਡੀ ਵਿੱਚ ਬਾਰਡਰ ਪਾਰ ਕਰਨ ਦਾ ਇੱਕੋ ਰਾਹ ਵੈਕਸੀਨੇਸ਼ਨ ਕਰਵਾਉਣਾ ਹੈ ਤੇ ਸਾਨੂੰ ਸਾਰਿਆਂ ਨੂੰ ਰਲ ਕੇ ਇਸ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ।

# ਓਨਟਾਰੀਓ ਵਿੱਚ ਦਾਖਲ ਕਰਵਾਏ ਜਾਣ ਵਾਲੇ ਕੋਵਿਡ-19 ਮਰੀਜ਼ਾਂ ਦੀ ਗਿਣਤੀ ਘਟੀ

ਓਨਟਾਰੀਓ, 23 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਨਾਲ ਸਬੰਧਤ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਦਰ ਵਿੱਚ ਕਮੀ ਦਰਜ ਕੀਤੀ ਗਈ ਹੈ। ਐਤਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਸਮੇਂ ਓਨਟਾਰੀਓ ਵਿੱਚ 3,797 ਕੋਵਿਡ ਦੇ ਮਰੀਜ਼ ਹਸਪਤਾਲ ਦਾਖਲ ਹਨ ਜਦਕਿ ਆਈਸੀਯੂ ਵਿੱਚ 604 ਲੋਕ ਭਰਤੀ ਹਨ।



ਇਸ ਤੋਂ ਇੱਕ ਦਿਨ ਪਹਿਲਾਂ ਹਸਪਤਾਲਾਂ ਵਿੱਚ ਦਾਖਲ ਕਰਵਾਏ ਗਏ 4,026 ਮਰੀਜ਼ਾਂ ਨਾਲੋਂ ਇਹ ਗਿਣਤੀ ਘੱਟ ਹੈ ਪਰ ਆਈਸੀਯੂ ਵਿੱਚ ਭਰਤੀ ਕਰਵਾਏ ਗਏ 600 ਮਰੀਜ਼ਾਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਐਤਵਾਰ ਨੂੰ ਸਾਰੇ ਹਸਪਤਾਲ ਰਿਪੋਰਟ ਨਹੀਂ ਕਰਦੇ। ਹਸਪਤਾਲਾਂ ਵਿੱਚ ਦਾਖਲ ਕੋਵਿਡ-19 ਦੇ ਮਰੀਜ਼ਾਂ ਵਿੱਚੋਂ 2,079 ਪੂਰੀ ਤਰ੍ਹਾਂ ਵੈਕਸੀਨੇਟਿਡ ਹਨ, 783 ਅਨਵੈਕਸੀਨੇਟਿਡ ਹਨ ਤੇ 194 ਮਰੀਜ਼ ਅੰਸ਼ਕ ਤੌਰ ਉੱਤੇ ਵੈਕਸੀਨੇਟਿਡ ਹਨ। ਬਾਕੀ ਰਹਿੰਦੇ 741 ਮਰੀਜ਼ਾਂ ਦੀ ਵੈਕਸੀਨੇਸ਼ਨ ਦੇ ਦਰਜੇ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

ਆਈਸੀਯੂ ਵਿੱਚ 227 ਮਰੀਜ਼ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ, 216 ਵੈਕਸੀਨੇਟਿਡ ਨਹੀਂ ਹਨ ਤੇ 17 ਮਰੀਜ਼ ਅੰਸ਼ਕ ਤੌਰ ਉੱਤੇ ਵੈਕਸੀਨੇਟਿਡ ਹਨ। ਆਈਸੀਯੂ ਵਿੱਚ ਦਾਖਲ 144 ਮਰੀਜ਼ਾਂ ਦੇ ਸਟੇਟਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਆਈਸੀਯੂ ਵਿੱਚ 81 ਫੀ ਸਦੀ ਮਰੀਜ਼ਾਂ ਦਾ ਕੋਵਿਡ-19 ਦਾ ਇਲਾਜ ਚੱਲ ਰਿਹਾ ਹੈ ਜਦਕਿ 19 ਫੀ ਸਦੀ ਹੋਰ ਕਾਰਨਾਂ ਕਰਕੇ ਭਰਤੀ ਹਨ।

# ਛੁਰੇਬਾਜ਼ੀ ਵਿੱਚ 2 ਟੀਨੇਜਰ ਗੰਭੀਰ ਜ਼ਖ਼ਮੀ

ਓਨਟਾਰੀਓ, 23 ਜਨਵਰੀ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਨੌਰਥ ਯੌਰਕ ਦੇ ਮਾਲ ਵਿੱਚ ਛੁਰੇਬਾਜ਼ੀ ਦੀ ਘਟਨਾ ਵਾਪਰਨ ਮਗਰੋਂ ਦੋ ਟੀਨੇਜਰਜ਼ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੂੰ ਇਹ ਰਿਪੋਰਟਾਂ ਮਿਲੀਆਂ ਕਿ ਕਿਸੇ ਨੂੰ ਚਾਕੂ ਮਾਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਸ਼ਾਮੀਂ 5:00 ਵਜੇ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਡੌਨ ਮਿੱਲਜ਼ ਰੋਡ ਤੇ ਫੇਅਰਵਿਊ ਮਾਲ ਡਰਾਈਵ ਏਰੀਆ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਦੋ ਟੀਨੇਜਰਜ਼ ਜ਼ਖ਼ਮੀ ਹਾਲਤ ਵਿੱਚ ਮਿਲੇ। ਦੋਵਾਂ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਟੀਨੇਜਰ ਦੇ ਜ਼ਖ਼ਮ ਮਾਮੂਲੀ ਸਨ ਜਦਕਿ ਦੂਜਾ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ। ਕੁੱਝ ਸਮੇਂ ਬਾਅਦ ਹੀ ਪੁਲਿਸ ਨੇ ਤਿੰਨ ਹੋਰਨਾਂ ਲੜਕਿਆਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਕੋਲੋਂ ਦੋ ਚਾਕੂ ਅਤੇ ਇੱਕ ਹੈਂਡਗੰਨ ਦੀ ਨਕਲ ਵੀ ਬਰਾਮਦ ਕੀਤੀ ਗਈ। ਪੁਲਿਸ ਨੇ ਆਖਿਆ ਕਿ ਸਕਾਰ-ਬਰੋ ਤੇ ਦਰਹਾਮ ਰੀਜਨ ਵਿੱਚ ਵਾਪਰੀਆਂ ਕੁੱਝ ਹੋਰਨਾਂ ਘਟਨਾਵਾਂ ਵਿੱਚ ਵੀ ਉਨ੍ਹਾਂ ਨੂੰ ਇਨ੍ਹਾਂ ਤਿੰਨ ਟੀਨੇਜਰਜ਼ ਦੇ ਸ਼ਾਮਲ ਹੋਣ ਦਾ ਸ਼ੱਕ ਹੈ। ਪਰ ਪੁਲਿਸ ਨੇ ਇਸ ਸਬੰਧ ਵਿੱਚ ਹੋਰ ਵੇਰਵੇ ਨਹੀਂ ਦਿੱਤੇ।

# ਸਿੱਧੂ ਨੂੰ ਮੰਤਰੀ ਬਣਾਉਣ ਲਈ ਪਾਕਿਸਤਾਨ ਤੋਂ ਲਾਬਿੰਗ ਹੋਈ ਸੀ : ਅਮਰਿੰਦਰ

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਲੋਕ ਕਾਂਗਰਸ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਵੱਡਾ ਖ਼ੁਲਾਸਾ ਕਰਦਿਆਂ ਕਿਹਾ ਕਿ ਸਾਲ 2017 ਵਿੱਚ ਜਦੋਂ ਕਾਂਗਰਸ ਪਾਰਟੀ ਬਹੁਮਤ ਵਿੱਚ ਆਈ ਤਾਂ ਨਵਜੋਤ ਸਿੰਘ ਸਿੱਧੂ ਨੂੰ ਸਾਡੇ ਪੰਜਾਬ ਵਿੱਚ ਮੰਤਰੀ ਬਣਾਉਣ ਲਈ ਗੁਆਂਢੀ ਦੇਸ਼ ਪਾਕਿਸਤਾਨ ਦੇ ਅੱਜ ਵਾਲੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਉਸ ਦੇ ਕਰੀਬੀਆਂ ਨੇ ਕਾਫ਼ੀ ਲਾਬਿੰਗ ਕੀਤੀ ਸੀ।



ਕੈਪਟਨ ਅਮਰਿੰਦਰ ਸਿੰਘ ਦੇ ਦੱਸਣ ਮੁਤਾਬਕ 'ਪਾਕਿਸਤਾਨ ਵਿੱਚ ਰਹਿੰਦੇ ਵਿਅਕਤੀ, ਜਿਹੜੇ ਇਮਰਾਨ ਖ਼ਾਨ ਤੇ ਨਵਜੋਤ ਸਿੰਘ ਸਿੱਧੂ ਦੇ ਕਰੀਬੀ ਦੋਸਤ ਹਨ, ਨੇ ਫੋਨ ਉੱਤੇ ਮੈਸੇਜ ਭੇਜ ਕੇ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਬਣਾਉਣ ਦੀ ਸਿਫ਼ਾਰਸ਼ ਕੀਤੀ। ਮੈਂ ਕਿਉਂਕਿ ਇਮਰਾਨ ਖ਼ਾਨ ਨੂੰ ਨਾ ਕਦੇ ਮਿ-ਲਿਆ ਸਾਂ ਤੇ ਨਾ ਨਿੱਜੀ ਤੌਰ ਉੱਤੇ ਜਾਣਦਾ ਸਾਂ, ਇਸ ਲਈ ਪੰਜਾਬ ਵਿੱਚ ਕਾਂਗਰਸ ਦੀ ਜਿੱਤ ਮੌਕੇ ਉਹ ਮੈਸੇਜ ਵੇਖ ਕੇ ਹੈਰਾਨ ਹੀ ਨਹੀਂ ਹੋਇਆ, ...ਬਾਕੀ ਪੰਨਾ 4 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇੰਮੀਗਰੇਸ਼ਨ ਸੇਵਾਵਾਂ 10-20% Discount
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
Repair at no extra cost
Appraisal Certificate
Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7


CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca



NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# 60 ਫੀ ਸਦੀ ਕੈਨੇਡੀਅਨਜ਼ ਨੂੰ ਮੁਸ਼ਕਲ ਹੋ ਰਿਹਾ ਹੈ ਆਪਣੇ ਪਰਿਵਾਰਾਂ ਦਾ ਢਿੱਡ ਪਾਲਣਾ : ਰਿਪੋਰਟ



ਓਟਵਾ, 23 ਜਨਵਰੀ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ 60 ਫੀ ਸਦੀ ਕੈਨੇਡੀਅਨਜ਼ ਨੂੰ ਆਪਣੇ ਪਰਿਵਾਰਾਂ ਦਾ ਢਿੱਡ ਪਾਲਣਾ ਔਖਾ ਹੋਇਆ ਪਿਆ ਹੈ।

ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਖੁਲਾਸਾ ਹੋਇਆ ਕਿ 57 ਫੀ ਸਦੀ ਕੈਨੇਡੀਅਨਜ਼ ਨੇ ਇਹ ਮੰਨਿਆ ਹੈ ਕਿ ਉਨ੍ਹਾਂ ਦਾ ਜੂਨ ਗੁਜ਼ਾਰਾ ਬਹੁਤ ਮੁਸ਼ਕਲ ਹੋ ਗਿਆ ਹੈ। ਜਦੋਂ 2019 ਵਿੱਚ ਕੈਨੇਡੀਅਨਜ਼ ਤੋਂ ਅਜਿਹਾ ਸਵਾਲ ਪੁੱਛਿਆ ਗਿਆ ਸੀ ਤਾਂ ਉਸ ਸਮੇਂ 36 ਫੀ ਸਦੀ ਨੇ ਇਹੋ ਜਿਹਾ ਜਵਾਬ ਦਿੱਤਾ ਸੀ। ਇਨ੍ਹਾਂ ਅੰਕੜਿਆਂ ਪਿੱਛੇ ਮਹਿੰਗਾਈ ਦਾ ਹੱਥ ਹੈ ਕਿਉਂਕਿ ਪਿਛਲੇ 30 ਸਾਲਾਂ ਵਿੱਚ ਪਹਿਲੀ ਵਾਰੀ ਕੈਨੇਡੀਅਨਜ਼ ਨੂੰ ਮਹਿੰਗਾਈ ਦੇ ਇਸ ਉੱਚ ਪੱਧਰ ਵਿੱਚੋਂ ਲੰਘਣਾ ਪੈ ਰਿਹਾ ਹੈ।

ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਡਾਟਾ ਵਿੱਚ ਪਾਇਆ ਗਿਆ ਕਿ ਕੁਕਿੰਗ ਆਇਲ (41.4 ਫੀ ਸਦੀ) ਤੇ ਚੀਨੀ (21.6 ਫੀ ਸਦੀ) ਵਰਗੀਆਂ ਰੋਜ਼ਾਨਾਂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਹੀ ਦਸੰਬਰ 2020 ਤੇ ਦਸੰਬਰ 2021 ਦਰਮਿਆਨ ਲੋੜੋਂ ਵੱਧ ਵਾਧਾ ਹੋਇਆ ਹੈ। ਐਂਗਸ ਰੀਡ ਇੰਸਟੀਚਿਊਟ ਵੱਲੋਂ ਇਕਨੌਮਿਕ ਸਟਰੈੱਸ ਇੰਡੈਕਸ (ਈਐਸਆਈ) ਦੀ ਵੀ ਜਾਂਚ ਕੀਤੀ ਗਈ। ਇਸ ਤਹਿਤ ਕਰਜ਼ਾ, ਹਾਊਸਿੰਗ ਲਾਗਤ, ਕਿਸੇ ਘਰ ਦੀ ਫੂਡ ਦੀ ਕੀਮਤ, ਭਾਗੀਦਾਰ ਦੀ ਪਿਛਲੇ ਸਾਲ ਦੇ ਮੁਕਾਬਲੇ ਵਿੱਤੀ ਹਾਲਾਤ ਤੇ ਅਗਲੇ ਸਾਲ ਦੀ ਵਿੱਤੀ ਹਾਲਤ ਦਾ ਵੀ ਮੁਲਾਂਕਣ ਕੀਤਾ ਜਾਂਦਾ ਹੈ। ਫਿਰ ਇਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆਂ ਜਾਂਦਾ ਹੈ ਕਿ ਸਬੰਧਤ ਵਿਅਕਤੀ ਦੀ ਹਾਲਤ ਕਿਹੋ ਜਿਹੀ ਹੈ : ਵੱਧ ਫੁੱਲ ਰਿਹਾ ਹੈ, ਆਰਾਮ ਵਿੱਚ ਹੈ, ਬੇਆਰਾਮੀ ਵਿੱਚ ਹੈ ਜਾਂ ਸੰਘਰਸ਼ ਕਰ ਰਿਹਾ ਹੈ।

ਈਐਸਆਈ ਦੀ ਵਰਤੋਂ ਕਰਦਿਆਂ ਹੋਇਆਂ ਐਂਗਸ ਰੀਡ ਇੰਸਟੀਚਿਊਟ ਨੇ ਪਾਇਆ ਕਿ ਸੰਘਰਸ਼ ਕਰ ਰਹੇ 98 ਫੀ ਸਦੀ ਲੋਕਾਂ ਨੂੰ ਆਪਣੇ ਪਰਿਵਾਰਾਂ ਨੂੰ ਪਾਲਣ ਵਿੱਚ ਮੁਸ਼ਕਲ ਆ ਰਹੀ ਹੈ। ਜਿਹੜੇ ਵੱਧ ਫੁੱਲ ਰਹੇ ਹਨ ਉਨ੍ਹਾਂ ਲਈ ਫੂਡ ਦੀ ਕੀਮਤ ਮੈਨੇਜ ਕਰਨ ਯੋਗ ਹੈ ਜਾਂ ਖਾਣੇ ਦਾ ਜੁਗਾੜ ਕਰਨ ਬਾਰੇ ਉਨ੍ਹਾਂ ਨੂੰ ਸੋਚਣਾ ਨਹੀਂ ਪੈਂਦਾ। ਜਿਹੜੇ ਬੇਅਰਾਮੀ ਵਿੱਚ ਹਨ ਜਾਂ ਸੰਘਰਸ਼ ਕਰ ਰਹੇ ਹਨ ਉਨ੍ਹਾਂ ਲਈ ਆਪਣੇ ਘਰ ਦੇ ਜੀਆਂ ਲਈ ਖਾਣਾ ਜੁਟਾਉਣਾ ਮੁਸ਼ਕਲ ਹੋ ਸਕਦਾ ਹੈ।

ਸੰਘਰਸ਼ ਕਰਨ ਵਾਲਿਆਂ ਨੂੰ ਆਪਣੇ ਭਵਿੱਖ ਬਾਰੇ ਵੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਇਨ੍ਹਾਂ ਵਿੱਚੋਂ ਸਿਰਫ 8 ਫੀ ਸਦੀ ਨੂੰ ਇਹ ਲੱਗਦਾ ਹੈ ਕਿ ਉਨ੍ਹਾਂ ਦੀ ਸਥਿਤੀ ਅਗਲੇ ਸਾਲ ਬਿਹਤਰ ਹੋ ਜਾਵੇਗੀ। ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 27 ਫੀ ਸਦੀ ਸੰਘਰਸ਼ ਕਰਨ ਵਾਲੀ ਵੰਨਗੀ ਵਿੱਚ ਸ਼ਾਮਲ ਸਨ ਜਦਕਿ 24 ਫੀ ਸਦੀ ਬਿਹਤਰ ਸਥਿਤੀ ਵਿੱਚ ਸਨ ਤੇ 25 ਫੀ ਸਦੀ ਬੇਅਰਾਮੀ ਵਾਲੀ ਸਥਿਤੀ ਵਿੱਚ ਸਨ।

ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ 45 ਫੀ ਸਦੀ ਲੋਕਾਂ ਕੋਲੋਂ ਰੋਜ਼ਗਾਰ ਹੀ ਨਹੀਂ , ਕਿਊਬਿਕ ਦੇ 33 ਫੀ ਸਦੀ ਖੁਸ਼ਹਾਲ ਹਨ ਤੇ 19 ਫੀ ਸਦੀ ਸੰਘਰਸ਼ ਕਰ ਰਹੇ ਹਨ। 39 ਫੀ ਸਦੀ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਪਿਛਲੇ ਸਾਲ ਉਨ੍ਹਾਂ ਦੀ ਵਿੱਤੀ ਸਥਿਤੀ ਕਾਫੀ ਨਿੱਘਰ ਗਈ। ਕੁੱਲ ਮਿਲਾ ਕੇ 49 ਫੀ ਸਦੀ ਐਲਬਰਟਾ ਵਾਸੀਆਂ, 47 ਫੀ ਸਦੀ ਸਸਕੈਚਵਨ ਵਾਸੀਆਂ, 47 ਫੀ ਸਦੀ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਾਸੀਆਂ ਨੇ ਮੰਨਿਆ ਕਿ ਪਿਛਲੇ ਸਾਲ ਉਨ੍ਹਾਂ ਦੀ ਵਿੱਤੀ ਸਥਿਤੀ ਕਾਫੀ ਮਾੜੀ ਰਹੀ।

# ਦਿੱਲੀ ਕਮੇਟੀ ਚੋਣਾਂ ਉੱਤੇ ਵਿਰੋਧੀਆਂ ਨੇ ਸਵਾਲ ਚੁੱਕੇ, ਗੁਰੂ-ਘਰ ਵਿੱਚ ਪੁਲਸ ਦਾਖ਼ਲੇ ਦਾ ਵਿਰੋਧ

ਨਵੀਂ ਦਿੱਲੀ, 23 ਜਨਵਰੀ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀਆਂ ਚੋਣਾਂ ਵਿਚ ਵੱਡੇ ਪੱਧਰ ਉੱਤੇ ਪੁਲਸ ਤੇ ਪ੍ਰਸ਼ਾਸਨ ਦੇ ਦਖਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਨੂੰ ਠੇਸ ਲਾਉਣ ਦੇ ਮੁੱਦੇ ਤੋਂ ਸਿਆਸਤ ਭਖ ਪਈ ਹੈ। ਇਸ ਮੁੱਦੇ ਉੱਤੇ ਅੱਜ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਜਨਰਲ ਸੈਕਟਰੀ ਹਰਵਿੰਦਰ ਸਿੰਘ ਸਰਨਾ, ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇਅਤੇ ਕੇਂਦਰੀ ਸਿੰਘ ਸਭਾ ਦੇ ਪ੍ਰਧਾਨ ਤਰਵਿੰਦਰ ਸਿੰਘ ਮਾਰਵਾਹਾ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਇਸ ਦੀ ਨਿੰਦਾ ਕੀਤੀ ਹੈ।



ਸਿੱਖ ਪੰਥ ਦੀ ਦੂਸਰੀ ਸਭ ਤੋਂ ਵੱਡੀ ਵੋਟਾਂ ਨਾਲ ਚੁਣੀ ਹੋਈ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਦਾਅਵਾ ਕੀਤਾ ਹੈ ਕਿ ਭਾਰੀ ਪੁਲਸ ਫੋਰਸ ਦੀ ਹਾਜ਼ਰੀ ਵਿੱਚ ਸਾਡੇ ਚੁਣੇ ਹੋਏ ਮੈਂਬਰਾਂ ਨੂੰ ਬਾਹਰ ਕੱਢਿਆ ਗਿਆ ਅਤੇ ਇੱਕ ਪੱਖ ਦੇ 30 ਕਮੇਟੀ ਮੈਂਬਰਾਂ ਦੇ ਦਸਖਤਾਂ ਉੱਤੇ ਦਿੱਲੀ ਪੁਲਸ ਨੂੰ ਸੱਦਿਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੁਲਸ ਬੁਲਾਉਣ ਦੇ ਪਿੱਛੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸਨ। ਇਹ ਅਸਲ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਪੁਲਸ ਦੇ ਆਸਰੇ ਕਬਜ਼ਾ ਕਰਨ ਦੀ ਸੋਚੀ ਸਮਝੀ ਸਾਜਿਸ਼ ਸੀ ਅਤੇ ਇਸੇ ਲਈ ਇਸ ਮੌਕੇ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਗੈਰ-ਹਾਜ਼ਰੀ ਨੂੰ ਵੀ ਯਕੀਨੀ ਕੀਤਾ ਗਿਆ ਸੀ, ਕਿਉਂਕਿ ਜੱਥੇਦਾਰਾਂ ਦੀ ਹਾਜ਼ਰੀ ਵਿੱਚ ਨਾਜਾਇਜ਼ ਤਰੀਕੇ ਨਾਲ ਕਬਜ਼ਾ ਕਰਨਾ ਸੰਭਵ ਨਹੀਂ ਸੀ, ਇਸ ਲਈ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਇਸ ਦੀ ਸ਼ਿਕਾਇਤ ਲੈ ਕੇ ਜਾਵਾਂਗੇ।

ਇਸ ਮੌਕੇ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ 'ਇਹ ਪਹਿਲੀ ਵਾਰ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀ ਚੋਣ ਦੇ ਉਮੀਦਵਾਰ ਨੂੰ ਵੋਟ ਪਾਉਣ ਤੋਂ ਪਹਿਲਾਂ ਪੁਲਸ ਚੁੱਕ ਕੇ ਲੈ ਗਈ।' ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਸਰਨਾ ਸਾਡੇ ਉਮੀਦਵਾਰ ਸਨ, ਪਰ ਪੁਲਸ ਨੇ ਸਾਨੂੰ ਸਭ ਨੂੰ ਨਾਜਾਇਜ਼ ਹਿਰਾਸਤ ਵਿੱਚ ਲੈ ਕੇ ਵੋਟ ਪਾਉਣ ਤੋਂ ਰੋਕਦਿੱਤਾ। ਜਦ ਸੁਖਬੀਰ ਸਿੰਘ ਕਾਲੜਾ ਦੀ ਵੋਟ ਦਾ ਵਿਰੋਧ ਹੋਇਆ ਤਾਂ ਡਾਇਰੈਕਟਰ ਨਰਿੰਦਰ ਸਿੰਘ ਨੂੰ ਤੁਰੰਤ ਮੀਟਿੰਗ ਮੁਤਲਵੀ ਕਰ ਦੇਣੀ ਚਾਹੀਦੀ ਸੀ। ਸਾਲ 2017 ਵਿੱਚ ਵੀ ਆਰਜ਼ੀ ਚੇਅਰਮੈਨ ਦੀ ਚੋਣਦਾ ਵਿਵਾਦ ਹੋਣ ਉੱਤੇ ਸਾਬਕਾ ਡਾਇਰੈਕਟਰ ਸੂਰਬੀਰ ਸਿੰਘ ਨੇ ਮੀਟਿੰਗ ਮੁਲਤਵੀ ਕੀਤੀ ਸੀ। ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਦੇ ਬਿਨਾਂ ਅਹੁਦੇਦਾਰ ਚੁਣ ਕੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਨੂੰ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਨਹੀਂ ਹੈ। ਚੋਣ ਵਿੱਚ ਵਿਰੋਧੀ ਧਿਰ ਦੇ ਉਮੀਦਵਾਰ ਤੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਵਾਲ ਕੀਤਾ ਕਿ ਜੇਬਾਦਲ ਗਰੁੱਪ ਕੋਲ 29 ਵੋਟਾਂ ਸਨ ਤਾਂ ਸੁਖਬੀਰ ਸਿੰਘ ਕਾਲੜਾ ਦੀ ਵੋਟ ਰੱਦ ਕਰਨ ਤੋਂ ਇਨ੍ਹਾਂ ਨੂੰ ਡਰ ਕਿਉਂ ਲੱਗਾ ਸੀ? ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸਾਡੇ ਕੋਲ ਮੈਂਬਰ ਵੱਧ ਸਨ, ਕੁਝ ਸਾਹਮਣੇ ਤੇ ਕੁਝ ਪਿੱਛੇ ਸਨ। ਇਸ ਕਰ ਕੇ ਬਾਦਲ ਧੜੇ ਦਾ ਕਾਲੜਾ ਦੀ ਅਯੋਗ ਵੋਟ ਰੱਦ ਕਰਨ ਵਿਰੁੱਧ ਅੜਨਾ ਸਾਬਤ ਕਰਦਾ ਹੈ ਕਿ ਇਨ੍ਹਾਂ ਨੇ ਹਾਰ ਪਹਿਲਾਂ ਹੀ ਮੰਨ ਲਈ ਸੀ।

# ਦਿੱਲੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਨੂੰ 'ਹੁੱਲੜਬਾਜ਼ੀ' ਹੋਣ ਦੇ ਵਿਰੁੱਧ ਸ਼ਿਕਾਇਤ ਕੀਤੀ

ਨਵੀਂ ਦਿੱਲੀ, 23 ਜਨਵਰੀ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅੰਤ੍ਰਿੰਗ ਬੋਰਡ ਦੀ ਚੋਣ ਵੇਲੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀਕੇ ਸਮੇਤ ਸਾਰੀ ਵਿਰੋਧੀ ਧਿਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੁੱਲੜਬਾਜ਼ੀ ਕਰ ਕੇ ਗੁਰੂ ਸਾਹਿਬ ਦੀ ਬੇਅਦਬੀ ਕਰਨ ਦੀ ਸ਼ਿਕਾਇਤ ਜਥੇਦਾਰ ਸ੍ਰੀ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਨੂੰ ਕੀਤੀ ਹੈ ਤੇ ਇਸ ਕੇਸ ਦੀ ਸਾਰੀ ਵੀਡੀਓ ਮੰਗਵਾ ਕੇ ਦੋਸ਼ੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬਵਿਖੇ ਤਲਬ ਕਰਨ ਦੀ ਮੰਗ ਕੀਤੀ ਹੈ।

ਅੱਜ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏਦਿੱਲੀ ਗੁਰਦੁਆਰਾ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਵਿਰੋਧੀ ਧਿਰ ਨੇ ਚੋਣ ਪ੍ਰਕਿਰਿਆ ਰੋਕਣ ਲਈਪੂਰੀ ਵਾਹ ਲਾਈਤੇ ਪੋਲਿੰਗ ਬੂਥ ਤੇ ਬੈਲਟ ਪੇਪਰਾਂ ਸਮੇਤ ਸਾਰੇ ਸਾਮਾਨ ਉੱਤੇ ਕਬਜ਼ਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀਵਿੱਚ ਹੁੱਲੜਬਾਜ਼ੀ ਕਰ ਕੇ ਮਰਿਆਦਾ ਭੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਚਿੱਠੀ ਲਿਖੀ ਹੈ ਕਿ ਸਾਰੀ ਚੋਣ ਪ੍ਰਕਿਰਿਆ ਦੀ ਵੀਡੀਓ ਵੇਖ ਕੇਜਾਂਚ ਕੀਤੀ ਜਾਵੇ ਅਤੇ ਜੋ ਵੀ ਦੋਸ਼ੀ ਹੋਵੇ, ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਤਲਬ ਕਰ ਕੇ ਸਜ਼ਾ ਲਾਈ ਜਾਵੇ।

ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਡੇ ਸੀਨੀਅਰ ਮੈਂਬਰ ਸੁਖਬੀਰ ਸਿੰਘ ਕਾਲੜਾ ਨੇ ਐਨਕ ਨਾ ਲਾਈ ਹੋਣ ਕਰ ਕੇ ਪ੍ਰੋ-ਟੈਮ ਚੇਅਰਮੈਨ ਗੁਰਦੇਵ ਸਿੰਘ ਤੋਂ ਪੁੱਛਿਆ ਕਿ ਵੋਟ ਕਿੱਥੇ ਪਾਉਣੀ ਹੈ ਤਾਂ ਸਰਨਾ ਭਰਾਵਾਂ ਅਤੇ ਮਨਜੀਤ ਸਿੰਘ ਜੀ ਕੇ ਨੇ ਹੰਗਾਮਾ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂਮਸਲਾ ਹੱਲ ਕਰਨ ਲਈ ਦਿੱਤੇ ਸੁਝਾਅ ਉਨ੍ਹਾਂ ਨਹੀਂ ਮੰਨੇ ਤੇ 10 ਘੰਟੇ ਵੋਟਿੰਗ ਰੁਕੀ ਰਹੀ। ਪੁਲਿਸ ਨੇ ਵੀ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਮੰਨੇ। ਉਨ੍ਹਾਂ ਕਿਹਾ ਕਿ ਇਸ ਮੌਕੇ ਜੋ ਹੋਇਆ, ਉਹ ਮੰਦਭਾਗਾ ਸੀ।

# ਨਰਿੰਦਰ ਮੋਦੀ ਵੱਲੋਂ ਇੰਡੀਆ ਗੇਟ ਉੱਤੇ ਨੇਤਾਜੀ ਸੁਭਾਸ਼ ਦੀ ਹੋਲੋਗ੍ਰਾਮ ਮੂਰਤੀ ਦਾ ਉਦਘਾਟਨ

ਨਵੀਂ ਦਿੱਲੀ, 23 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦਿੱਲੀ ਵਿੱਚ ਇੰਡੀਆ ਗੇਟਵਿਖੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਹੋਲੋਗ੍ਰਾਮ ਮੂਰਤੀ ਦਾ ਉਦਘਾਟਨ ਕੀਤਾ ਅਤੇਕਿਹਾ ਕਿ 'ਭਾਰਤ ਮਾਂ ਦੇ ਵੀਰ ਸਪੂਤ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 125ਵੀਂ ਜਨਮ ਜੈਅੰਤੀ ਉੱਤੇ ਮੈਂ ਪੂਰੇ ਦੇਸ਼ ਵੱਲੋਂ ਕੋਟਿ-ਕੋਟਿ ਨਮਨ ਕਰਦਾ ਹਾਂ। ਇਹ ਦਿਨ, ਇਹ ਸਮਾਂ ਅਤੇ ਇਹ ਸਥਾਨਵੀ ਇਤਿਹਾਸਕ ਹੈ, ਜਿੱਥੇ ਅਸੀਂ ਸਭ ਇੱਕ ਹਾਂ।'

ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨੇਤਾਜੀ ਸੁਭਾਸ਼ ਦੀ 125ਵੀਂ ਜੈਅੰਤੀ ਉੱਤੇ ਉਨ੍ਹਾਂ ਦੀ ਮੂਰਤੀ ਲਾਉਣ ਦਾ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾਸੀ। ਇਹ ਮੂਰਤੀਅਗਲੀਆਂ ਪੀੜ੍ਹੀਆਂ ਨੂੰ ਦੇਸ਼ਭਗਤੀ ਤੇ ਬਲੀਦਾਨ ਦੀ ਪ੍ਰੇਰਨਾ ਦੇਵੇਗੀ ਅਤੇਲੋਕਾਂ ਦੇ ਮਨ ਦੀ ਭਾਵਨਾ ਪ੍ਰਗਟ ਕਰੇਗੀ। ਇਸ ਦੇ ਨਾਲ ਹੀ ਅੱਜ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 125ਵੀਂ ਜੈਅੰਤੀਮੌਕੇਦੇਸ਼ਦੇ ਗਣਤੰਤਰ ਦਿਵਸ ਸਮਾਰੋਹ ਵੀਸ਼ੁਰੂ ਹੋ ਗਏ ਹਨ, ਜਿਸ ਦੇ ਪ੍ਰਤੀਕ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਡੀਆ ਗੇਟਵਿਖੇ ਸੁਭਾਸ਼ ਚੰਦਰ ਬੋਸ ਦੀ ਹੋਲੋਗ੍ਰਾਮ ਮੂਰਤੀ ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਦਫਤਰਵੱਲੋਂ ਜਾਰੀ ਸਰਕਾਰੀ ਬਿਆਨ ਅਨੁਸਾਰ ਜਦੋਂ ਤਕ ਮੂਰਤੀ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਉਦੋਂ ਤਕ ਨੇਤਾਜੀ ਦੀ ਹੋਲੋਗ੍ਰਾਮ ਮੂਰਤੀ ਉਸ ਥਾਂ ਰਹੇਗੀ।



# ਕੈਪਟਨ ਅਮਰਿੰਦਰ ਸਿੰਘ ਵੀ ਪੰਜਾਬ ਦੇ ਕਾਂਗਰਸੀ ਆਗੂਆਂ ਦੇ ਵਿਰੁੱਧ ਭੜਕਿਆ

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀਚਰਨਜੀਤ ਸਿੰਘ ਚੰਨੀ ਵੱਲੋਂ ਰੇਤ ਦੀ ਨਾਜਾਇਜ਼ ਮਾਈਨਿੰਗ ਵਿੱਚਸ਼ਾਮਲ ਹੋਣ ਦੇ ਦੋਸ਼ ਰੱਦ ਕਰਨ ਨੂੰ ਝੂਠ ਕਰਾਰ ਦੇ ਕੇਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ਼ਨੀਵਾਰ ਨੂੰ ਕਿਹਾ ਕਿ ਮੁੱਖ ਮੰਤਰੀ ਹੁੰਦਿਆਂ ਖੁਦ ਉਨ੍ਹਾਂ ਨੂੰ ਖਾਸ ਸੂਚਨਾ ਮਿਲੀ ਸੀ ਕਿ ਪੰਜਾਬ ਵਿੱਚ ਚਰਜਨੀਤ ਸਿੰਘ ਚੰਨੀ ਸਮੇਤ ਕਈ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਦੀ ਰੇਤ ਮਾਫੀਆ ਵਿੱਚ ਭਾਈਵਾਲੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਉੱਪਰ ਤੋਂ ਹੇਠਾਂ ਤੱਕ, ਸੀਨੀਅਰ ਮੰਤਰੀਆਂਤੱਕ, ਬਹੁਤ ਸਾਰੇ ਲੋਕ ਇਸ ਵਿੱਚ ਸ਼ਾਮਲ ਸਨ ਤੇ ਮੈਂ ਮੁੱਖ ਮੰਤਰੀ ਹੁੰਦਿਆਂ ਇਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਦੱਸਿਆ ਸੀ।' ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਨੇ ਮੈਨੂੰ ਪੁੱਛਿਆ ਕਿ ਮੈਂ ਕੀ ਕਾਰਵਾਈ ਕਰ ਰਿਹਾ ਹਾਂਤੇ ਮੈਂ ਕਿਹਾ ਸੀ ਕਿ ਸਿਖਰ ਤੋਂ ਸ਼ੁਰੂਆਤ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਮੈਂ ਆਪਣੇ ਰਾਜ ਦੌਰਾਨ ਇੱਕੋ ਗਲਤੀ ਕੀਤੀ ਕਿ ਕਾਂਗਰਸ ਪ੍ਰਤੀ ਵਫ਼ਾਦਾਰੀ ਕਾਰਨ ਓਦੋਂ ਕੋਈ ਕਾਰਵਾਈ ਨਹੀਂ ਕੀਤੀ, ਕਿਉਂਕਿ ਸੋਨੀਆ ਤੋਂ ਮਨਜ਼ੂਰੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿਚੰਨੀ ਦੀਮਾਈਨਿੰਗ ਮਾਫੀਆ ਨਾਲ ਭਾਈਵਾਲੀ ਨੇ ਉਸ ਨੂੰ ਪੰਜਾਬ ਦੀ ਸੱਤਾ ਧਿਰ ਵਿੱਚ ਅਯੋਗ ਤੇ ਘਿਣਾਉਣਾ ਪਾਤਰ ਬਣਾ ਦਿੱਤਾ ਅਤੇਨਵਜੋਤ ਸਿੰਘਸਿੱਧੂ ਦੀ ਮਾਨਸਿਕ ਅਸਥਿਰਤਾ ਨੇ ਉਸ ਨੂੰ ਰਾਜ ਸੰਭਾਲਣ ਦੇਪੂਰੀ ਤਰ੍ਹਾਂ ਅਯੋਗ ਬਣਾ ਦਿੱਤਾ ਹੈ। ਅਮਰਿੰਦਰ ਸਿੰਘ ਨੇ ਦੋਵਾਂ ਕਾਂਗਰਸੀ ਆਗੂਆਂ ਨੂੰ ਅਸਲੋਂ ਬੇਕਾਰ ਦੱਸ ਕੇ ਕਿਹਾ ਕਿ ਰਾਹੁਲ ਗਾਂਧੀ ਨੇ ਇਨ੍ਹਾਂ ਲੋਕਾਂ ਵਿਚ ਕੀ ਦੇਖਿਆ।

ਇੱਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪੁੱਛਿਆ ਕਿ 'ਜਿਹੜਾ ਵਿਅਕਤੀ ਸਵੇਰੇ-ਸ਼ਾਮ ਇੱਕ ਘੰਟਾ ਰੱਬ ਨਾਲ ਗੱਲਾਂ ਕਰਨ ਦਾ ਦਾਅਵਾ ਕਰਦਾ ਹੈ, ਉਹ ਕਿਵੇਂ ਸਥਿਰ ਹੋਵੇਗਾ?' ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਾਰੇ ਉਨ੍ਹਾਂ ਕਿਹਾ ਕਿ ਇਸ ਨੂੰ ਪਾਕਿਸਤਾਨ ਦੇ ਇਮਰਾਨ ਖਾਨ ਅਤੇ ਫੌਜ ਮੁਖੀ ਜਨਰਲ ਬਾਜਵਾ ਜਿੰਨਾ ਚਾਹੇ ਗਲੇ ਲਾ ਸਕਦੇ ਹਨ, ਇਸ ਨਾਲ ਸ਼ਾਂਤੀ ਨਹੀਂ ਆਵੇਗੀ ਅਤੇ ਨਾ ਲੋਕ ਇਸ ਨੂੰ ਬਰਦਾਸ਼ਤ ਕਰਨਗੇ, ਕਿਉਂਕਿ ਸਰਹੱਦ ਉੱਤੇਰੋਜ਼ ਜਵਾਨ ਮਰ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਨਾਮਜ਼ਦ ਕੀਤੇ ਭਗਵੰਤ ਮਾਨ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਹਲਕਾ ਫੁਲਕਾ ਕਾਮੇਡੀਅਨ ਕਿਹਾ। ਉਨ੍ਹਾਂ ਨੇ ਸਰਵੇਖਣਾਂ ਨੂੰ ਰੱਦ ਕਰ ਕੇ ਕਿਹਾ ਕਿ ਪੰਜਾਬ ਦੇ ਇਸ ਪਾਰਟੀ ਅਤੇ ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਦੀਆਂ ਹਰਕਤਾਂ ਤੋਂ ਮੂਰਖ ਨਹੀਂ ਬਣਨਗੇ।

# ਗੁਰੂ ਸਾਹਿਬਾਨ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਾਲੀਆਂ ਪੁਸਤਕਾਂ ਦੀ ਚਰਚਾ ਫਿਰ ਛਿੜੀ

ਕੋਟਕਪੂਰਾ, 23 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੁਦ ਛਾਪੀਆਂ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਅਤੇ 'ਸਿੱਖ ਇਤਿਹਾਸ' ਹਿੰਦੀ ਪੁਸਤਕ ਸਮੇਤ ਗੁਰੂ ਸਾਹਿਬਾਨ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਾਲੀਆਂ ਅਨੇਕਾਂ ਪੁਸਤਕਾਂ ਬਾਰੇ ਲੰਮੇ ਸਮੇਂ ਤੋਂ ਵਾਰ-ਵਾਰ ਚਰਚਾ ਚੱਲਦੀ ਰਹੀ ਹੈ ਅਤੇ ਇਸ ਸਮੱਸਿਆ ਦੇ ਹੱਲ ਲਈ ਅਕਸਰ ਸਿੱਖ ਚਿੰਤਕਾਂ ਅਤੇ ਵਿਦਵਾਨਾ ਨੂੰ ਵੀ ਅਪੀਲਾਂ ਕੀਤੀਆਂ ਜਾਂਦੀਆਂ ਹਨ।

ਅੱਜਕੱਲ੍ਹ ਬਰਗਾੜੀ ਦੇ ਬੇਅਦਬੀ ਕੇਸਾਂ ਅਤੇ ਬਹਿਬਲ ਕਲਾ ਅਤੇ ਕੋਟਕਪੂਰਾ ਗੋਲੀਕਾਂਡ ਵਿਰੁੱਧ ਬਹਿਬਲ ਕਲਾਂ ਵਿਖੇ ਲੱਗੇ ਹੋਏ ਮੋਰਚੇ ਦੌਰਾਨ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਇਹੋ ਦੋਵੇਂ ਕਿਤਾਬਾਂ ਸੰਗਤਾਂ ਨੂੰ ਦਿਖਾ ਕੇ ਕਿਹਾ ਕਿ ਜੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਇਨ੍ਹਾਂ ਕਿਤਾਬਾਂ ਦੇ ਵਿਰੁੱਧ ਤਖ਼ਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਅਤੇ ਪੰਥ ਦੇ ਨਾਮਉੱਤੇ ਸੱਤਾ ਮਾਨਣ ਵਾਲਿਆਂ ਨੂੰ ਜਵਾਬਦੇਹ ਬਣਾਉਂਦੀਆਂ ਤਾਂ ਨਾ ਕਦੀ 328 ਪਾਵਨ ਸਰੂਪ ਚੋਰੀ ਹੁੰਦੇ ਤੇ ਨਾ ਬੇਅਦਬੀ ਦੀਆਂ ਘਟਨਾਵਾਂ ਵਾਪਰਦੀਆਂ। ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ ਸਾਡੇ ਸਕੂਲਾਂ-ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਗੁਰੂ ਸਾਹਿਬਾਨ ਸਮੇਤ ਸਿੱਖ ਇਤਿਹਾਸ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਰੋਧ ਦੀਆਂ ਕਿਤਾਬਾਂ ਪੜ੍ਹਾਈਆਂ ਜਾ ਰਹੀਆਂ ਹਨ, ਪਰ ਸਿੱਖਾਂ ਦੀਆਂ ਸਿਰਮੌਰ ਜਥੇਬੰਦੀਆਂ ਸਿਆਸੀ ਦਬਾਅ ਕਾਰਨ ਚੁੱਪ ਹਨ। ਉਨ੍ਹਾਂ ਉਕਤ ਪੁਸਤਕਾਂ ਨੂੰ ਸਮੁੱਚੀ ਸਿੱਖ ਕੌਮ ਦੇ ਮੱਥੇ ਉੱਤੇ ਵੱਡਾ ਕਲੰਕ ਕਿਹਾ ਹੈ। ਵਰਨਣ ਯੋਗ ਹੈ ਕਿ ਗੁਰਬਿਲਾਸ ਪਾਤਸ਼ਾਹੀ ਛੇਵੀਂ ਪੁਸਤਕ ਦਾ ਵਿਰੋਧ ਕਰਨ ਦੇ ਦੋਸ਼ ਹੇਠ ਪ੍ਰਵਾਸੀ ਭਾਰਤੀ ਸਿੱਖ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਓਦੋਂ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਪੰਥ ਵਿੱਚੋਂ ਛੇਕ ਦਿੱਤਾ ਸੀ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ >>

ਕੱਢੀ ਕੈਪਟਨ ਨੇ ਸੂਚੀ ਤਾਂ ਸਮਝ ਆਈ,
ਭਾਜਪਾ ਕਿੱਥੇ ਮੁਕਾਈ ਇਹ ਗੱਲ ਮੀਆਂ।
ਦਿੱਤੀਆਂ ਤੇਰਾਂ ਕੁ ਸੀਟਾਂ ਹਨ ਢੀਂਡਸੇ ਨੂੰ,
ਸੈਂਤੀ ਕਰਤੀਆਂ ਕੈਪਟਨ ਦੇ ਵੱਲ ਮੀਆਂ।
ਇਹ ਵੀ ਦੋਵਾਂ ਨੂੰ ਆਸ ਤੋਂ ਵੱਧ ਲੱਗਣ,
ਲੱਗੀ ਦਾਅ ਉੱਤੇ ਪਈ ਆ ਭੱਲ ਮੀਆਂ।
ਏਧਰ-ਓਧਰ ਤੋਂ ਲੱਭੇ ਹਨ ਲੜਨ ਵਾਲੇ,
ਸਕੇ ਜਿਹੋ ਜਿਹਾ ਸਿੱਕਾ ਵੀ ਚੱਲ ਮੀਆਂ।
ਭਾਜਪਾ ਨਜ਼ਰਾਂ ਭਵਿੱਖ ਵੱਲ ਫਿਰੇ ਗੱਡੀ,
ਉਹਨੂੰ ਆਪ ਵੀ ਪੱਲੇ ਕੁਝ ਚਾਹੀਦਾ ਈ।
ਆਪਣੇ ਹਿੱਤਾਂ ਦਾ ਰੱਖ ਖਿਆਲ ਪਹਿਲਾਂ,
ਨਕਸ਼ਾ ਕਿਸੇ ਲਈ ਫੇਰ ਬਣਾਈਦਾ ਈ।

**ਤੀਸ ਮਾਰ ਖਾਂ**

# ਨਵਜੋਤ ਸਿੱਧੂ ਨੇ ਕਿਹਾ: ਜੇ ਪਾਰਟੀ ਨੇ ਮੇਰੇ ਸੁਝਾਅ ਮੰਨੇ ਤਾਂ ਕਾਂਗਰਸ 70 ਸੀਟਾਂ ਜਿੱਤੇਗੀ

*** ਮੁੱਖ ਮੰਤਰੀ ਚੰਨੀ ਉੱਤੇ ਈ ਡੀ ਛਾਪੇ ਨੂੰ ਰਾਜਨੀਤਕ ਦੱਸਿਆ**

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਵਿਧਾਇਕ ਨਵਜੋਤ ਸਿੰਘ ਸਿੱਧੂਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਵੀ ਪਾਰਟੀ ਤੋਂ ਮੁੱਖ ਮੰਤਰੀ ਦਾ ਅਹੁਦਾ ਨਹੀਂ ਮੰਗਿਆ। ਅੱਜ ਇੱਕ ਸਵਾਲ ਦੇ ਜਵਾਬ ਵਿੱਚ ਨਵਜੋਤਸਿੰਘ ਸਿੱਧੂ ਨੇ ਕਿਹਾ ਕਿ ਸਾਲ 2017 ਵਿੱਚ ਪਾਰਟੀ ਨੇ ਕਿਹਾ ਕਿ ਮਜੀਠਾ ਵਿੱਚ ਰੈਲੀ ਕਰਨੀ ਹੈ, ਉਥੇ ਰਾਹੁਲ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਦਾ ਹੱਥ ਚੁੱਕ ਕੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨ ਕੀਤਾ ਸੀ।

ਅੱਜ ਏਥੇ ਇੱਕ ਹੋਟਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ 'ਪੰਜਾਬ ਮਾਡਲ' ਬਾਰੇ ਦਾਅਵਾ ਕੀਤਾ ਕਿ ਜੇ ਕਾਂਗਰਸਚੋਣ ਮੈਨੀਫੈਸਟੋ ਵਿੱਚ ਇਹ ਮਾਡਲ ਸ਼ਾਮਲ ਕਰੇ ਤਾਂ 70 ਸੀਟਾਂ ਜਿੱਤੇਗੀ। ਇਸ ਪੰਜਾਬ ਮਾਡਲ ਨੂੰ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ



ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਪ੍ਰਤਾਪ ਸਿੰਘ ਬਾਜਵਾ ਨਾਲ ਲੰਮੀ ਗੱਲਬਾਤ ਹੋਈ ਹੈ। ਕੁਝ ਦਿਨਾਂ ਨੂੰ ਮੈਨੀਫੈਸਟੋ ਆ ਜਾਵੇਗਾ। ਖੇਤੀ, ਰੇਤ ਕਾਰਪੋਰੇਸ਼ਨ, ਸ਼ਰਾਬ ਕਾਰਪੋਰੇਸ਼ਨ ਆਦਿ ਬਾਰੇ ਨਵਜੋਤ ਸਿੰਘ ਸਿੱਧੂ ਨੇ ਦੁਹਰਾਇਆ ਕਿ ਉਸ ਦਾ ਸਿਆਸੀ ਭਵਿੱਖ ਪੰਜਾਬ ਮਾਡਲ ਉੱਤੇਨਿਰਭਰ ਹੈ। ਉਨ੍ਹਾਂ ਆਸ ਕੀਤੀ ਕਿ ਮੈਨੀਫੈਸਟੋ ਵਿੱਚ ਪੰਜਾਬ ਮਾਡਲ ਦੀ ਝਲਕ ਮਿਲੇਗੀ। ਕਿਸੇ ਧਿਰ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਦੀ ਗੱਲ ਰੱਦ ਕਰ ਕੇਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬੀ ਲੋਕ ਕੋਈ ਵੀ ਕੰਮ ਅਧੂਰਾ ਨਹੀਂ ਕਰਦੇ, ਭਾਵੇਂ 2012 ਹੋਵੇ ਜਾਂ 2017 ਹੋਵੇ, ਜਨਤਾ ਨੇ ਹਮੇਸ਼ਾ ਸਪੱਸ਼ਟ ਬਹੁਮਤ ਦਿੱਤਾ ਸੀ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰਾਂ ਦੇ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ(ਈਡੀ) ਵੱਲੋਂ ਛਾਪਿਆਂਬਾਰੇ ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਕੇਸ 2018 ਪੁਰਾਣਾ ਹੈ, ਚਾਰ ਸਾਲ ਕੈਪਟਨ ਅਮਰਿੰਦਰਸਿੰਘ ਨੇ ਕੁਝ ਨਹੀਂ ਕੀਤਾ ਸੀ ਅਤੇ ਚੋਣਾਂ ਵੇਲੇ ਈਡੀ ਦੇ ਰਾਹੀਂ ਦਬਾਅ ਬਣਾਉਣ ਲਈ ਕਾਰਵਾਈ ਕਰ ਰਹੇ ਹਨ, ਇਹ ਬਦਲਾਖ਼ੋਰੀ ਨਹੀਂ ਤਾਂ ਹੋਰ ਕੀ ਹੈ? ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਉਨ੍ਹਾਂ ਕਿਹਾ ਕਿ ਦਿੱਲੀਵਿੱਚ ਉਸ ਨੇ ਕਿਸੇ ਔਰਤ ਨੂੰ 1000 ਰੁਪਏ ਨਹੀਂ ਦਿੱਤੇ, ਪੰਜਾਬ ਵਿੱਚ ਵਾਅਦੇ ਕਰਦੇ ਹਨ।

## ਸਿੱਧੂ ਨੂੰ ਮੰਤਰੀ ਬਣਾਉਣ ਲਈ ਪਾਕਿਸਤਾਨ ਤੋਂ ਲਾਬਿੰਗ ਹੋਈ ਸੀ : ਅਮਰਿੰਦਰ

...ਪੰਨਾ 1 ਦਾ ਬਾਕੀ

ਸਗੋਂ ਮੈਨੂੰ ਝਟਕਾ ਲੱਗਾ ਕਿ ਇੱਕ ਬੰਦੇ ਨੂੰ ਪੰਜਾਬ ਦਾ ਮੰਤਰੀ ਬਣਾਉਣ ਲਈ ਦੂਸਰੇ ਦੇਸ਼ ਦਾ ਆਗੂ ਤੇ ਉਸ ਦੇ ਕਰੀਬੀ ਲੋਕਕਿਉਂ ਦਬਾਅ ਪਾ ਰਹੇ ਹਨ।' ਅੱਜ ਇੱਕ ਅਖਬਾਰ ਨਾਲ ਗ਼ੈਰ-ਰਸਮੀ ਇੰਟਰਵਿਊ ਮੌਕੇ ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਹੋਰ ਅੱਗੇ ਕਿਹਾ ਕਿ 'ਮੈਂ ਇਹ ਮੈਸੇਜ ਤੁਰੰਤ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਪ੍ਰਿਅੰਕਾ ਗਾਂਧੀ ਨੂੰ ਭੇਜੇ। ਸੋਨੀਆ ਦਾ ਮੈਨੂੰ ਕੋਈ ਜਵਾਬ ਨਹੀਂ ਮਿਲਿਆ, ਪਰ ਪ੍ਰਿਅੰਕਾ ਨੇ ਵਾਪਸੀ ਮੈਸੇਜ ਵਿੱਚ ਲਿਖਿਆ, 'ਬੇਵਕੂਫ਼ ਆਦਮੀ ਹੈ, ਜੋ ਏਦਾਂ ਦੇ ਮੈਸੇਜ ਕਰਾ ਰਿਹਾ ਹੈ।"ਕੈਪਟਨ ਨੇ ਕਿਹਾ ਕਿ ਜਵਾਬੀ ਮੈਸੇਜ ਵਿੱਚਮੈਨੂੰ ਇਹ 'ਸਲਾਹ' ਦਿੱਤੀ ਗਈ ਕਿ ਉਸ (ਸਿੱਧੂ) ਨੂੰ ਮੰਤਰੀ ਬਣਾ ਲਓ, ਜੇ ਗੜਬੜ ਕਰੇ ਤਾਂ ਉਸ ਨੂੰ ਕੈਬਨਿਟ ਵਿੱਚੋਂ ਕੱਢ ਦੇਣਾ।ਉਨ੍ਹਾਂ ਕਿਹਾ ਕਿ 'ਇਹੋ-ਜਿਹੇ ਮੈਸੇਜ ਵੇਖ ਕੇ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਵੱਲ ਮੋਹ ਅਤੇ ਦੇਸ਼ ਦੀ ਸੁਰੱਖਿਆ ਬਾਰੇ ਮੇਰੇ ਜੋ ਸ਼ੱਕ ਸਨ, ਉਹ ਹੋਰ ਮਜ਼ਬੂਤ ਹੋ ਗਏ।'

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ "ਸਾਲ 2017 ਵਿੱਚਜਦੋਂਸਿੱਧੂ ਦੀ ਕਾਂਗਰਸ ਵਿੱਚ ਐਂਟਰੀ ਬਾਰੇ ਸ਼ੁਰੂਆਤੀ ਪੱਧਰ ਉੱਤੇ ਮੇਰੀ ਤੇ ਸੋਨੀਆ ਗਾਂਧੀ ਦੀਗੱਲਬਾਤ ਹੋਈ, ਮੈਂ ਫੀਡਬੈਕ ਦਿੱਤੀ ਕਿ ਸਿੱਧੂ ਦੀ ਮਾਨਸਿਕ ਹਾਲਤ ਸਥਿਰ ਨਹੀਂ।ਅਸਲ ਵਿੱਚਸਿੱਧੂ ਜਦੋਂ ਭਾਜਪਾ ਛੱਡ ਕੇ ਕਾਂਗਰਸ ਵਿੱਚ ਆਉਣਾ ਚਾਹੁੰਦਾ ਸੀ ਤਾਂ ਮੈਨੂੰ ਸੋਨੀਆ ਗਾਂਧੀ ਦਾ ਫੋਨ ਆਇਆ ਕਿ ਤੁਸੀਂ ਨਵਜੋਤ ਨੂੰ ਮਿਲ ਕੇ ਫੀਡਬੈਕ ਭੇਜੋ। ਮੇਰਾ ਫੋਨ ਉੱਤੇ ਪਹਿਲਾ ਜਵਾਬ ਸੀ, 'ਹੀ ਇਜ਼ ਏ ਗੁਡ ਬੁਆਏ ਐਂਡ ਕ੍ਰਿਕਟਰ'। ਮੈਂ ਸਿੱਧੂ ਨੂੰ ਫੋਨ ਕਰ ਕੇ ਦਿੱਲੀ ਦੇ ਹੋਟਲ ਵਿੱਚ ਲੰਚ ਦਾ ਸੱਦਾ ਦਿੱਤਾ। ਅਸੀਂ ਬੰਦ ਕਮਰੇ ਵਿੱਚ ਮਿਲੇ। ਮੀਟਿੰਗ ਸ਼ੁਰੂ ਹੁੰਦੇ ਹੀਸਿੱਧੂ ਨੇ ਜੇਬ ਵਿੱਚੋਂ (ਛੋਟਾ) ਸ਼ਿਵਲਿੰਗ ਕੱਢ ਕੇ ਮੇਜ਼ ਉੱਤੇ ਰੱਖ ਦਿੱਤਾ ਅਤੇ ਆਖਣ ਲੱਗਾ ਕਿ ਰੋਜ਼ 6 ਘੰਟੇ ਧਿਆਨ ਕਰਦਾ ਹਾਂ।ਰੋਜ਼ ਤਿੰਨ ਘੰਟੇ ਭਗਵਾਨ ਨਾਲ ਗੱਲ ਕਰਦਾ ਹਾਂ। ਉਹ ਬੋਲਦਾ ਰਿਹਾ ਤੇ ਮੈਂ ਸੁਣਦਾ ਰਿਹਾ! ਫਿਰ ਮੈਂ ਪੁੱਛਿਆ ਕਿ ਉਸ ਦੀ ਭਗਵਾਨ ਨਾਲ ਕਿਹੋ ਜਿਹੀ ਗੱਲ ਹੁੰਦੀ ਹੈ? ਉਹਦਾ ਜਵਾਬ ਸੀ ਕਿ ਬੱਸ ਕੁਝ ਇਸ ਤਰ੍ਹਾਂ ਜਿਵੇਂ ਇਸ ਵਾਰ ਪੰਜਾਬ ਵਿੱਚ ਫ਼ਸਲ ਕਿੱਦਾਂ ਦੀ ਹੋਵੇਗੀ, ਬਾਰਸ਼ ਕਿੰਨੀ ਪਏਗੀ? ਵਗੈਰਾ ਵਗੈਰਾ। ਇਸ ਤੋਂ ਤੁਰੰਤ ਬਾਅਦ ਮੈਂ ਸੋਨੀਆ ਗਾਂਧੀ ਨੂੰ ਫੀਡਬੈਕ ਭੇਜੀ ਕਿ ਇਹ ਮਾਨਸਿਕ ਪੱਖੋਂ ਸਥਿਰ ਨਹੀਂ, ਪਾਰਟੀ ਬਰਬਾਦ ਕਰ ਦੇਊਗਾ।" ਕੈਪਟਨ ਨੇ ਕਿਹਾ:'ਉਸ ਤੋਂ ਬਾਅਦ ਜੋ ਅੱਜ ਪਾਰਟੀ ਵਿੱਚ ਹੋ ਰਿਹਾ ਹੈ, ਸਭ ਦੇ ਸਾਹਮਣੇ ਹੈ।'

ਨਵਜੋਤ ਸਿੱਧੂ ਦੇ ਪਾਕਿ-ਸਤਾਨ ਨਾਲ ਕਾਰੋਬਾਰਲਈ ਜ਼ੋਰ ਦੇਣ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਇਹ ਸੰਭਵ ਨਹੀਂ। 2002 ਵਿੱਚ ਮੈਂ ਖ਼ੁਦ ਪਾਕਿਸਤਾਨ ਨਾਲ ਕਾਰੋਬਾਰ ਵਧਾਉਣ ਦਾ ਬਹੁਤ ਤਰਫ਼ਦਾਰ ਸਾਂ, ਪਰ ਇਨ੍ਹਾਂ ਵੀਹ ਸਾਲਾਂ ਵਿੱਚ ਜਿਵੇਂ ਚੀਨ ਤੇ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਕਾਰਨ ਪਾਕਿ-ਭਾਰਤ ਸਬੰਧਾਂ ਵਿੱਚ ਤਬਦੀਲੀ ਆਈ ਹੈ, ਉਸ ਕਾਰਨ ਸਮੀਕਰਨ ਤੇ ਹਾਲਾਤ ਬਦਲ ਚੁੱਕੇ ਹਨ। ਪਾਕਿਸਤਾਨ ਰੋਜ਼ ਸਾਡੇ ਜਵਾਨਾਂ ਨੂੰ ਮਾਰ ਰਿਹਾ ਹੈ, ਜੋ ਸਿਰਫ਼ ਪੰਜਾਬੀ ਨਹੀਂ, ਦੇਸ਼ ਦੇ ਹੋਰਨਾਂ ਰਾਜਾਂ ਤੋਂ ਵੀ ਹੁੰਦੇ ਹਨ। ਇਨ੍ਹਾਂ ਤਬਦੀਲ ਹੋਏ ਹਾਲਾਤ ਵਿੱਚ ਰਿਸ਼ਤਿਆਂ ਨੂੰ ਵਧਾਉਣ ਦੇ ਨਾਂ ਉੱਤੇ ਦੇਸ਼ ਦੀ ਸੁਰੱਖਿਆ ਨੂੰ ਦਾਅ ਉੱਤੇ ਨਹੀਂ ਲਾਇਆ ਜਾ ਸਕਦਾ'।

## ਰਾਣਾ ਗੁਰਜੀਤ ਵੱਲੋਂ ਪਲਟ-ਵਾਰ: ਸੁਖਪਾਲ ਸਿੰਘ ਖਹਿਰਾ ਨੂੰ ਕਾਂਗਰਸ ਤੋਂ ਕੱਢਣ ਲਈ ਸੋਨੀਆ ਗਾਂਧੀ ਨੂੰ ਚਿੱਠੀ ਲਿਖੀ

ਕਪੂਰਥਲਾ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਸੀਨੀਅਰ ਕਾਂਗਰਸ ਨੇਤਾ ਤੇ ਤਕਨੀਕੀ ਸਿੱਖਿਆ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਜੇਲ੍ਹਵਿੱਚ ਬੰਦ ਆਪਣੇ ਵਿਰੋਧੀ ਕਾਂਗਰਸੀ ਨੇਤਾ ਸੁਖਪਾਲ ਸਿੰਘ ਖਹਿਰਾ ਉੱਤੇ ਪਲਟਵਾਂ ਵਾਰ ਕੀਤਾ ਅਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਚਿੱਠੀ ਲਿਖ ਕੇ ਮਨੀ ਲਾਂਡ੍ਰਿੰਗ ਕੇਸਵਿੱਚਸ਼ਮੂਲੀਅਤ ਦੇ ਕਾਰਨ ਭੁਲੱਥ ਹਲਕੇ ਤੋਂ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਪਾਰਟੀਵਿੱਚੋਂ ਕੱਢਣ ਦੀ ਮੰਗ ਕਰ ਦਿੱਤੀ ਹੈ।

ਸੋਨੀਆ ਗਾਂਧੀ ਨੂੰ ਲਿਖੀ ਚਿੱਠੀਵਿੱਚ ਰਾਣਾ ਗੁਰਜੀਤ ਸਿੰਘ ਨੇ ਕਿਹਾ ਹੈ ਕਿ ਮਨੀ ਲਾਂਡ੍ਰਿੰਗ ਕੇਸਵਿੱਚ ਸੁਖਪਾਲਸਿੰਘ ਖਹਿਰਾ ਇਸ ਸਮੇਂ ਜੇਲ੍ਹਵਿੱਚ ਹੈ ਤੇ ਇਹ ਆਮ ਬੇਨਾਮੀ ਜਾਇਦਾਦ ਜਾਂ ਧਨ ਨਾਲ ਜੁੜਿਆ ਕੇਸ ਨਹੀਂ, ਡਰੱਗ ਦਾ



ਕੇਸ ਹੈ, ਜਿਸ ਨਾਲ ਜੁੜੀ ਰਕਮ ਨਸ਼ੇ ਦੇ ਧੰਦੇ ਤੋਂ ਕਮਾਈ ਗਈ ਸੀ। ਰਾਣਾ ਗੁਰਜੀਤ ਸਿੰਘ ਨੇ ਲਿਖਿਆ ਹੈ ਕਿ ਕਾਂਗਰਸ ਪਾਰਟੀ ਹਮੇਸ਼ਾ ਤੋਂ ਨਸ਼ਿਆਂ ਦੇ ਵਿਰੁੱਧ ਹੈਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬਵਿੱਚ ਨਸ਼ੇ ਦੀ ਗੰਭੀਰ ਸਮੱਸਿਆ ਦਾ ਮੁੱਦਾ ਸਾਲ 2015ਵਿੱਚ ਉਠਾਇਆ ਸੀ।ਫਿਰ ਸਾਡੀ ਪਾਰਟੀ ਉਸ ਵਿਅਕਤੀ ਨੂੰ ਟਿਕਟ ਕਿਵੇਂਦੇ ਸਕਦੀ ਹੈ, ਜਿਸ ਉੱਤੇ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਉੱਤੇ ਨਸ਼ੇ ਦਾ ਦਾਗ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂਆਂ ਅਤੇ ਉਮੀਦਵਾਰਾਂ ਨੂੰ ਇਸ ਦਾ ਜਵਾਬ ਦੇਣਾ ਮੁਸ਼ਕਿਲ ਹੋਵੇਗਾ ਕਿ ਇੱਕ ਪਾਸੇ ਅਸੀਂ ਨਸ਼ੇ ਖਤਮ ਕਰਨ ਦੀ ਸਹੁੰ ਚੁੱਕਦੇ ਹਾਂ ਤੇ ਦੂਸਰੇ ਪਾਸੇ ਅਜਿਹੇ ਦਾਗੀ ਬੰਦੇ ਨੂੰ ਟਿਕਟ ਦਿੱਤੀ ਹੈ, ਜਿਹੜਾ ਨਸ਼ੇ ਤੋਂ ਇਕੱਠੀ ਕੀਤੀ ਰਕਮ ਨਾਲ ਜੁੜੇ ਮਨੀ ਲਾਂਡ੍ਰਿੰਗ ਦੇ ਕੇਸਵਿੱਚ ਜੇਲ੍ਹਵਿੱਚ ਬੰਦ ਹੈ।ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸੁਖਪਾਲ ਸਿੰਘ ਖਹਿਰਾ ਤੇ ਸੁਲਤਾਨਪੁਰ ਲੋਧੀ ਦੇ ਕਾਂਗਰਸੀ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਸੋਨੀਆ ਗਾਂਧੀ ਨੂੰ ਚਿੱਠੀ ਲਿਖ ਕੇ ਰਾਣਾ ਗੁਰਜੀਤ ਨੂੰ ਕਾਂਗਰਸਤੋਂ ਕੱਢਣ ਦੀ ਮੰਗ ਕੀਤੀ ਸੀ। ਜਵਾਬ ਵਿੱਚਅੱਜ ਰਾਣਾ ਗੁਰਜੀਤ ਸਿੰਘ ਨੇ ਖਹਿਰਾ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕਰ ਦਿੱਤੀ ਹੈ।

## ਬਾਦਲ ਅਕਾਲੀ ਦਲ ਵੱਲੋਂ ਚਰਨਜੀਤ ਚੰਨੀ ਉੱਤੇ 'ਚੰਨੀ, ਹਨੀ ਅਤੇ ਮਨੀ' ਦੇ ਗੱਠਜੋੜ ਦਾ ਦੋਸ਼

*** ਬਿਕਰਮ ਸਿੰਘ ਮਜੀਠੀਆ ਵੱਲੋਂ ਵੀਡੀਓ ਸਮੇਤ ਕਈ 'ਸਬੂਤ' ਪੇਸ਼**

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰਾਂ ਦੇ ਵਿਰੁੱਧ ਪਏ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਛਾਪੇ ਦੌਰਾਨ ਮਿਲੇ ਕਰੋੜਾਂ ਰੁਪਏ ਬਾਰੇ ਅੱਜ ਬਾਦਲ ਅਕਾਲੀ ਦਲ ਨੇ ਮੁੱਖ ਮੰਤਰੀ ਅਤੇ ਉਸ ਦੇ ਰਿਸ਼ਤੇਦਾਰਾਂ ਉੱਤੇ ਹਮਲਾ ਬੋਲਿਆ। ਇਸ ਮੌਕੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਪ੍ਰੈਸ ਕਾਨਫਰੰਸ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਹਨੀ ਦੀਆਂ ਤਸਵੀਰਾਂ ਅਤੇ ਵੀਡੀਓ ਜਾਰੀ ਕਰਨ ਦੇ ਨਾਲ ਇੱਕ ਸਟਿੰਗ ਅਪਰੇਸ਼ਨ ਬਾਰੇ ਵੀ ਦੱਸਿਆ।

ਅਕਾਲੀ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘਚੰਨੀ ਦੇ ਰਿਸ਼ਤੇਦਾਰ ਭੁਪਿੰਦਰ ਹਨੀ ਦੇ ਘਰੋਂ 55 ਕਰੋੜ ਰੁਪਏ ਦੀ ਮਨੀ ਟ੍ਰੇਲ ਮਿਲੀ ਹੈ, ਜਿਸ ਬਾਰੇ ਮੁੱਖ ਮੰਤਰੀ ਚੰਨੀ ਅਤੇ ਕਾਂਗਰਸ ਪਾਰਟੀ ਦੱਸਣ ਕਿ ਇਹ ਪੈਸਾ ਕਿੱਥੋਂ ਆਇਆਤੇ ਲੱਖਾਂ ਦੀਆਂ ਰੋਲੇਕਸ ਘੜੀਆਂ ਤੇ ਕਰੋੜਾਂ ਰੁਪਏ ਦੀ ਜਾਇਦਾਦ ਕਿੱਥੋਂ ਆਈ ਹੈ? ਉਨ੍ਹਾਂ ਪੁੱਛਿਆ ਕਿ ਹਨੀ ਦਾ ਕਾਰੋਬਾਰ ਕੀ ਹੈ? ਮਜੀਠੀਆ ਨੇ ਦੋਸ਼ ਲਾਇਆ ਕਿ ਇਹ ਸਭ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭ੍ਰਿਸ਼ਟਾਚਾਰ ਦਾ ਹਿੱਸਾ ਹੈ ਤਅੇ ਬਾਕੀ ਦੋ-ਤਿੰਨ ਹਿੱਸੇ ਅਕਾਲੀ ਆਗੂ ਅਗਲੇ ਦਿਨੀਂ ਲਿਆਉਣਗੇ। ਬਿਕਰਮ ਸਿੰਘ ਮਜੀਠੀਆ ਨੇ ਗਣਤੰਤਰ ਦਿਵਸ ਦੀਆਂ ਫੋਟੋਜ਼ ਵਿੱਚਚਰਨਜੀਤ ਸਿੰਘ ਚੰਨੀ ਅਤੇ ਸੀਨੀਅਰ ਕਾਂਗਰਸੀ ਆਗੂਆਂ ਤੇ ਮੰਤਰੀਆਂ ਨਾਲ ਭੁਪਿੰਦਰ ਹਨੀ ਦੀਆਂ ਸਟੇਜਾਂ ਉੱਤੇਸਾਂਝੀਆਂ ਫੋਟੋ ਜਨਤਕ ਕੀਤੀਆਂ। ਉਨ੍ਹਾਂ ਦਾਅਵਾ ਕੀਤਾ ਕਿ ਇਹ 'ਚੰਨੀ ਹਨੀ ਤੇ ਮਨੀ' ਦਾ ਸੁਮੇਲ ਹੈਤੇਇਸ ਰਾਜ ਵਿੱਚ ਸਾਰੇ ਕੰਮ ਹਨੀ ਦੇ ਰਾਹੀਂ ਹੁੰਦੇ ਸਨ। ਅਕਾਲੀ ਦਲ ਨੇ ਕਿਹਾ, 'ਈ ਡੀ ਦੀ ਜਾਂਚ ਵਿੱਚ ਇਹ ਸੱਚ ਪਤਾ ਲੱਗੇਗਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬੇਟੇ ਦੇ ਵਿਆਹਦਾ ਸਾਰਾ ਖਰਚਹਨੀ ਨੇ ਕੀਤਾ ਸੀ।ਉਨ੍ਹਾਂ ਦੋਸ਼ ਲਾਇਆ ਕਿ ਭੁਪਿੰਦਰ ਹਨੀ ਨੂੰ ਮੁੱਖ ਮਤਰੀ ਚੰਨੀ ਨੇ ਸੁਰੱਖਿਆ ਕਵਰ ਦਿੱਤਾ ਹੈ, ਜਿਸ ਵਿੱਚ ਸੁਰੱਖਿਆਲਈ ਜਿਪਸੀ ਅਤੇ ਪੰਜਾਬ ਪੁਲੀਸ ਦੇ ਜਵਾਨ ਵੀ ਹਨ।ਮਜੀਠੀਆ ਨੇ ਪ੍ਰੈਸ ਕਾਨਫਰੰਸ ਦੌਰਾਨ ਹਨੀ ਦੀ ਸੁਰੱਖਿਆ ਵਿੱਚ ਤਾਇਨਾਤ ਕਮਾਂਡੋਜ਼ ਦੀ ਵੀਡੀਓ ਜਾਰੀ ਕਰ ਕੇ ਪੁੱਛਿਆ ਕਿ ਹਨੀ ਦੀ ਕਾਰ ਉੱਤੇ ਵਿਧਾਇਕ ਦਾ ਸਟਿੱਕਰ ਤੇ ਲਾਈਟ ਕਿਵੇਂ ਲੱਗੀ? ਉਨ੍ਹਾ ਨੇ ਮੁੱਖ ਮੰਤਰੀ ਚੰਨੀ ਦੇ ਹਲਕੇ ਦੇ ਇੱਕ ਸਰਪੰਚ ਦਾ ਸਟਿੰਗ ਵੀ ਜਾਰੀ ਕੀਤਾ, ਜਿਸ ਵਿੱਚ ਸਰਪੰਚ ਇਕਬਾਲ ਸਿੰਘ ਉੱਤੇ ਮਾਈਨਿੰਗ ਕਰਵਾਉਣ ਦਾ ਦੋਸ਼ ਹੈ।

## ਚੰਨੀ ਵੱਲੋਂ ਮਜੀਠੀਆ ਉੱਤੇ ਜਵਾਬੀ ਹਮਲਾ: ਪੰਜਾਬ ਨੂੰ ਤਬਾਹ ਕਰਨ ਵਾਲਿਆਂ ਨੂੰ ਮੇਰੀ ਇਮਾਨਦਾਰੀ ਉੱਤੇ ਸਵਾਲ ਕਰਨ ਦਾ ਕੋਈ ਹੱਕ ਨਹੀਂ

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਆਪਣੇ ਉੱਤੇ ਲਾਏ ਦੋਸ਼ਾਂ ਉੱਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਸ਼ਨੀਵਾਰ ਨੂੰ ਖੁਦ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਭਰ ਵਿੱਚ ਰੇਤ ਦੀ ਖੁਦਾਈ ਵਿੱਚ ਉਨ੍ਹਾਂ (ਚੰਨੀ) ਦੀ ਭਾਈਵਾਲੀ ਨੂੰ ਸਾਬਤ ਕਰਨ ਵਾਲਾਇੱਕ ਵੀ ਸਬੂਤ ਪੇਸ਼ ਕਰਨ ਲਈ ਲਲਕਾਰਿਆ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 'ਮੈਂ ਆਪਣੇ ਭਤੀਜੇ ਭੁਪਿੰਦਰ ਸਿੰਘ ਹਨੀ ਨਾਲ ਆਪਣੇ ਸੰਬੰਧਾਂ ਤੋਂ ਕਦੇ ਇਨਕਾਰ ਨਹੀਂ ਕੀਤਾ ਅਤੇ ਰਿਸ਼ਤੇਦਾਰੀਕਾਰਨ ਉਹ ਮੇਰੇ ਕਿਸੇ ਸਮਾਗਮ ਵਿੱਚਆ ਸਕਦਾ ਹੈ ਅਤੇ ਮੈਂ ਆਪਣੇ ਪੁੱਤਰ ਦੇ ਵਿਆਹ ਜਾਂ ਕਿਸੇ ਹੋਰ ਸਮਾਗਮ ਵਿੱਚ ਆਪਣੇ ਰਿਸ਼ਤੇਦਾਰਾਂ ਨਾਲ ਫੋਟੋ ਖਿਚਾਈ ਤਾਂ ਇਹ ਕੋਈ ਜੁਰਮ ਨਹੀਂ।'ਉਨ੍ਹਾਂ ਨੇ ਅਕਾਲੀ ਆਗੂ ਮਜੀਠੀਆ ਵੱਲੋਂ ਲਾਏ ਦੋਸ਼ ਰੱਦ ਕੀਤੇ ਹਨ।

ਬਿਕਰਮ ਸਿੰਘ ਮਜੀਠੀਆ ਵੱਲੋਂ ਲਾਏ ਦੋਸ਼ਾਂ ਦੇ ਜਵਾਬ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮਜੀਠੀਆ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਧੁਨਾਂ ਉੱਤੇ ਨੱਚਦਾ ਅਤੇ ਆਪਣੇ ਵਿਰੁੱਧ ਨਸ਼ੀਲੇ ਪਦਾਰਥਾਂ ਬਾਰੇ ਐਕਟ (ਐੱਨਡੀਪੀਐਸ) ਦਾ ਕੇਸ ਦਰਜ ਹੋਣ ਦਾ ਬਦਲਾ ਲੈਣ ਦੀ ਕੋਸ਼ਿਸ਼ ਵਿੱਚ ਹੈ, ਜਿਸਦਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜਿਹੜੇ ਅੱਜਕੱਲ੍ਹਅਕਾਲੀ-ਭਾਜਪਾ ਨਾਲ ਗੱਠਜੋੜ ਦੇ ਨਾਲਹਨ, ਨੇ ਪਰਦਾ ਰੱਖਿਆ ਸੀ।ਮੁੱਖ ਮੰਤਰੀ ਚੰਨੀ ਨੇ ਕਿਹਾ ਕਿ 'ਮੈਂ ਮਜੀਠੀਆ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਨਸ਼ਾ ਤਸਕਰਾਂ ਨਾਲ ਉਸਦੇ ਸੰਬੰਧਾਂ ਵਾਲੇਕੇਸਵਿੱਚਈ ਡੀ ਨੇ ਉਸਦੀ ਜਾਂਚ ਕੀਤੀ ਅਤੇ ਨਸ਼ਿਆਂ ਦੇ ਵਪਾਰੀ ਨੂੰ ਪਨਾਹ ਦੇਣ ਅਤੇ ਨਸ਼ਿਆਂ ਦੀ ਤਸਕਰੀ ਦੀ ਸਹੂਲਤ ਲਈ ਉਸ ਦਾ ਨਾਮ ਲਿਆ ਸੀ। ਮਜੀਠੀਆ ਦੀਆਂ ਫੋਟੋ ਉਨ੍ਹਾਂ ਨਾਲ ਹੋਣ ਦਾ ਅਰਥ ਹੈ ਕਿ ਮਜੀਠੀਆ ਉਨ੍ਹਾਂ ਨੂੰ ਪਨਾਹ ਦਿੰਦਾ ਸੀ?'ਮੁੱਖ ਮੰਤਰੀ ਨੇ ਬਿਕਰਮ ਸਿੰਘ ਮਜੀਠੀਆ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਨੂੰ ਕਿਹਾ ਕਿ ਅਨਵਰ ਮਸੀਹ, ਬਿੱਟੂ ਔਲਖ, ਜਗਦੀਸ਼ ਭੋਲਾ, ਗੁਰਦੀਪ ਰਾਣੂ, ਸਤਪ੍ਰੀਤ ਸੱਤਾ ਸਣੇ ਬਦਨਾਮ ਨਸ਼ਾ ਤਸਕਰਾਂ ਨਾਲ ਉਨ੍ਹਾਂ ਦਾ ਕੀ ਰਿਸ਼ਤਾ ਹੈ, ਜਿਨ੍ਹਾਂ ਨਾਲ ਉਹ ਸਿਆਸੀ ਸਟੇਜਾਂ ਸਾਂਝੀਆਂ ਕਰਦੇ ਰਹੇ ਸਨ ਅਤੇ ਉਨ੍ਹਾਂ ਨਾਲ ਜਨਤਕ ਸਮਾਗਮਾਂ ਵਿੱਚ ਵੀ ਸ਼ਾਮਲ ਹੋਇਆ ਕਰਦੇ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK) Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



-ਪ੍ਰਿੰ. ਸਰਵਣ ਸਿੰਘ-

## ਚਾਚਾ ਚਕਰੀਆ

# ਫੇਰ ਵੇਖਿਓ ਕਿਹੜੇ ਭਾਅ ਵਿਕਦੀ ਐ!

ਕਿਸੇ ਅਮਲੀ ਦੀ ਡੱਬੀ 'ਚੋਂ ਰੱਤੀ-ਮਾਸਾਫੀਮ ਫੜੀ ਜਾਵੇ ਤਾਂਉਸ ਨੂੰ ਮੂਧਾ ਪਾ ਲਿਆ ਜਾਂਦੈ। ਖੁੱਚਾਂ 'ਚ 'ਜੈ ਹਿੰਦ' ਲਾ ਕੇ ਲੇਰਾਂ ਕਢਾਅ ਦਿੱਤੀਆਂ ਜਾਂਦੀਆਂ। ਠਾਣੇ 'ਚ ਪੈਂਦਾ ਰਿੰਗਾਟ ਬਾਹਰ ਤਕ ਸੁਣਦੈ। ਫਿਰ ਉਹਦੀਆਂ ਰਗਾਂ 'ਚੋਂ ਰੱਤੀ-ਮਾਸਾ ਫੀਮ ਕੱਢਦਿਆਂ ਉਹਦੇ ਸਿਰ ਕਿੱਲੋਦੋ ਕਿੱਲੋ ਫੀਮ ਪਾ ਦਿੱਤੀ ਜਾਂਦੀ ਐ।ਪਰ ਕਿਸੇ ਸਿਆਸੀਨੇਤਾ ਦੀ ਕਾਰ'ਚ ਕੁਇੰਟਲ ਫੀਮ ਲੱਦੀ ਹੋਵੇ ਜਾਂ ਪੂਰਾ ਟਰੱਕ ਹੀ ਡੋਡਿਆਂ ਦਾ ਭਰਿਆ ਹੋਵੇ ਤਾਂ ਕੋਈ ਹੱਥ ਨਹੀਂ ਪਾਉਂਦਾ। ਉਲਟਾ ਠਾਣੇ ਵਾਲੇ ਫੀਮ ਡੋਡਿਆਂ ਤੇ ਚਿੱਟੇ ਬਗੈਰਾ ਦੇ ਵੱਡੇਸਮੱਗਲਰਾਂ ਦੀ ਆਉਭਗਤ ਠਾਠਬਾਠ ਨਾਲ ਕਰਦੇ ਹਨ। ਮਜਬੂਰੀ 'ਚਕੇਸ ਪਾਉਣਾ ਪਵੇ ਤਾਂ ਗ੍ਰਿਫ਼ਤਾਰ ਕਰਨ ਦੀ ਥਾਂ ਨੇਤਾ ਨੂੰ ਖੁੱਲ੍ਹਾ ਛੱਡੀਰੱਖਦੇ ਹਨ ਤੇ ਖ਼ਬਰਾਂ ਲੁਆ ਦਿੰਦੇ ਹਨ ਕਿ 'ਲੁੱਕ ਆਊਟ' ਦਾ ਨੋਟਿਸ ਕੱਢ ਦਿੱਤੈ ਤਾਂ ਜੋ 'ਭਗੌੜਾ' ਵਿਦੇਸ਼ ਨਾ ਭੱਜ ਸਕੇ। ਵਿਦੇਸ਼ ਭੱਜ ਨਾਲ ਉਨ੍ਹਾਂ ਦਾ 'ਮਹੀਨਾ' ਜੁ ਮਰ ਜਾਣਾ ਹੋਇਆ!

ਮੱਝ-ਗਾਂ, ਫਸਲ ਜਾਂ ਕਮਾਊ ਜੀਅ ਦੇ ਮਰ ਜਾਣ 'ਤੇ ਜਿਹੜਾ ਕਿਸਾਨ ਕਰਜ਼ੇ ਦੀ ਕਿਸ਼ਤ ਨਾ ਮੋੜ ਸਕੇ ਬੈਂਕਾਂ ਵਾਲੇ ਉਹਦੇ ਮਗਰ ਪੁਲਿਸ ਲਾ ਦਿੰਦੇ ਨੇ। ਉਹ ਤੂੜੀ ਵਾਲੇ ਅੰਦਰਜਾਂ ਕਮਾਦਾਂ 'ਚ ਲੁਕ ਕੇ ਬਚਦਾ। ਦੂਜੇ ਬੰਨੇ ਸਰਕਾਰੀ ਅਦਾਰਿਆਂ ਨੂੰ ਲੱਖਾਂ ਕਰੋੜਾਂ ਦਾ ਥੁੱਕ ਲਾਉਣ ਵਾਲੇ ਭੱਦਰ ਪੁਰਸ਼ ਸਟੇਜਾਂ 'ਤੇ ਹਾਰ ਪੁਆਉਂਦੇ ਧੂੰਏਂਧਾਰ ਭਾਸ਼ਨ ਝਾੜਦੇਹਨ। ਉਹ ਕਰੋੜਾਂ ਦੇ ਸਰਕਾਰੀ ਕਰਜ਼ੇ ਦੱਬ ਕੇ ਵੀ 'ਭੱਦਰ ਪੁਰਸ਼' ਬਣੇ ਰਹਿੰਦੇ ਹਨ!

ਕਈ ਸਾਲ ਪਹਿਲਾਂਖ਼ਬਰਾਂ ਛਪੀਆਂਸਨ ਕਿ ਕੁਝ ਭੱਦਰ ਪੁਰਸ਼ਾਂ ਨੇ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦਾ 1050 ਕਰੋੜ ਰੁਪਏ ਦਾ ਕਰਜ਼ਾ ਦੱਬਿਆ ਹੋਇਐ। ਅਖ਼ਬਾਰਾਂ ਨੇ ਸੌ ਤੋਂ ਵੱਧ'ਅਮੀਰ' ਡਿਫਾਲਟਰਾਂ ਦੀ ਸੂਚੀ ਵੀ ਛਾਪੀ ਸੀ। ਕੀ ਉਨ੍ਹਾਂ ਤੋਂ ਕਰਜ਼ਾਉਗਰਾਹ ਲਿਆ? ਜੇ ਉਗਰਾਹ ਲਿਐ ਤਾਂ ਜਨਤਕ ਕਰੋ। ਇਹ ਵੀ ਦੱਸ ਦਿਓ ਕਿਹੋਰਨਾਂ ਤੋਂ ਉਗਰਾਹੁਣ ਵਾਲਾਕਿੰਨਾ ਰਹਿੰਦਾ ਤੇ ਹੋਰ ਕਿੰਨਾ ਚੜ੍ਹ ਗਿਐ?

ਭਾਰਤ ਦੇ ਸਭ ਤੋਂ ਅਮੀਰ ਸੌ ਕੁ ਭੱਦਰ ਪੁਰਸ਼ਾਂ ਤੋਂ ਕਰਜ਼ਾ ਉਗਰਾਹਣ ਨਾਲ ਹੀ ਦੇਸ਼ ਦੇ ਲੱਖਾਂ ਕਰੋੜਾਂਕਿਸਾਨਾਂ ਮਜਦੂਰਾਂ ਦੀ ਕਰਜ਼ਾ ਮੁਕਤੀ ਹੋ ਸਕਦੀ ਹੈ ਤੇ ਉਹ ਖੁਦਕੁਸ਼ੀਆਂ ਕਰਨੋ ਬਚ ਸਕਦੇ ਹਨ।ਕੱਖਾਂ ਦੀ ਚੋਰੀ ਨਾਲੋਂ ਲੱਖਾਂ ਦੀ ਚੋਰੀ ਪਹਿਲਾਂ ਕਢਾਉਣੀ ਬਣਦੀ ਹੈ।ਠਾਣੇ ਦਾ 'ਜੈ ਹਿੰਦ' ਪਹਿਲਾਂ ਉਨ੍ਹਾਂ 'ਤੇ ਈ ਫਿਰਨਾ ਚਾਹੀਦੈ। ਭ੍ਰਿਸ਼ਟਾਚਾਰ ਹਵਾ ਵਿਚ ਨਹੀਂ ਪੈਦਾ ਹੁੰਦਾ।ਚੋਣਾਂ ਸਮੇਂ ਟਿਕਟਾਂ ਲੈਣ ਦੇਣ ਲਈ ਪਾਰਟੀ ਫੰਡ ਲੈਣਾ ਦੇਣਾ, ਚੋਣਾਂਬਹਾਨੇ ਸਾਮੀਆਂ ਤੋਂਚੰਦਾ ਲੈਣਾ, ਵੋਟਾਂ ਵਟੋਰਨ ਲਈ ਨੋਟ ਵੰਡਣੇ ਤੇ ਨਸ਼ਿਆਂ ਦੇ ਭੰਡਾਰੇ ਲਾਉਣੇ,ਜੇਤੂਆਂ ਦੇ ਮਾਣ ਸਨਮਾਨ ਬਹਾਨੇ ਤੋਹਫ਼ਿਆਂ ਨਾਲ ਘਰ ਭਰ ਦੇਣੇਅਤੇ ਦਿਨ ਤਿਉਹਾਰ 'ਤੇ ਗਿਫ਼ਟ ਦੇਣੇ ਵੀ ਭ੍ਰਿਸ਼ਟਾਚਾਰ ਦੇ ਹੀ ਵੱਖੋ ਵੱਖਰੇ ਰੂਪ ਹਨ। ਉਤਾਂਹ ਤੋਂ 'ਠਾਂਹ ਤਕ ਵੱਢੀ ਹੀ ਵੱਢੀ ਲੈ ਬੈਠੀ ਹੈ ਆਮ ਲੋਕਾਂ ਨੂੰ! ਆਹ ਜਿਹੜੇ ਕਰੋੜਾਂ ਦੇ ਨੋਟ ਰੇਤੇ ਦੀਆਂ ਖੱਡਾਂ 'ਚੋਂ ਫੜੇ ਹਨ, ਭਲਾ ਕੀਹਦੇ ਹੋਣਗੇ ਤੇ ਕਿਥੇ ਵਰਤੇ ਜਾਣਗੇ?

ਕਈ ਕਹਿ ਦਿੰਦੇ ਹਨ, ਅਸੀਂਤਾਂ ਜੀ ਨਾ ਵੱਢੀ ਦਿੰਦੇ ਹਾਂ, ਨਾ ਲੈਂਦੇ ਹਾਂ।ਸਾਨੂੰ ਕੀ? ਇਹ ਵੀ ਭ੍ਰਿਸ਼ਟਾਚਾਰ ਨੂੰ ਹਵਾਦੇਣੀਹੀ ਹੈ। ਜਿਵੇਂ ਸਾਰੇ ਜੀਵ ਜੰਤੂ ਤੇ ਪੇੜ ਪੌਦੇ ਇਕੋ ਜਿਹੇ ਨਹੀਂ ਹੁੰਦੇ ਉਵੇਂ ਸਾਰੇ ਮਨੁੱਖ ਵੀ ਇਕੋ ਜਿਹੇ ਨਹੀਂ ਹੁੰਦੇ। ਸੌ 'ਚੋਂ ਪੰਜ ਦਸ ਬੜੇਚੰਗੇ ਹੁੰਦੇ ਹਨ, ਪੰਜ ਦਸਬੜੇ ਮਾੜੇ। ਵਿਚਕਾਰਲੇ ਅੱਸੀ ਨੱਬੇ ਫੀਸਦੀ ਤਾਂ ਚੰਗੇ ਜਾਂ ਮਾੜਿਆਂ ਦੇ ਮਗਰ ਲੱਗਣ ਵਾਲੇਹੀ ਹੁੰਦੇ ਹਨ। ਜੇਕਰ ਉਹ ਚੰਗਿਆਂ ਮਗਰ ਲੱਗ ਜਾਣ ਤਾਂ ਸਤਿਯੁਗ ਆ ਜਾਂਦੈ।ਜੇ ਮਾੜਿਆਂ ਮਗਰ ਲੱਗੇ ਰਹਿਣ ਤਾਂ ਕਲਯੁਗ ਵਰਤਦਾ ਰਹਿੰਦੈ। ਇਸ ਲਈ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ'ਸਾਨੂੰ ਕੀ' ਕਹਿਣ ਵਾਲੇ ਨੱਬੇ ਫੀਸਦੀ ਲੋਕਾਂ ਦਾਸੰਘਰਸ਼ੀ ਹੋਣਾਜ਼ਰੂਰੀ ਹੈ। ਉਹ ਅੱਖਾਂ ਮੀਚ ਕੇ 'ਹੋਊ ਪਰ੍ਹੇ' ਨਾਕਹੀ ਜਾਣ। ਕਰਮਚਾਰੀਆਂ, ਕਿਸਾਨਾਂਤੇ ਮਜਦੂਰਾਂ ਦੀਆਂ ਯੂਨੀਅਨਾਂ ਦੇ ਜਥੇ ਤਸੀਲਾਂ, ਠਾਣਿਆਂ ਤੇ ਹੋਰਨਾਂ ਦਫਤਰਾਂ ਦੇ ਦਰਾਂ ਮੂਹਰੇ ਪਹਿਰੇ ਦੇਣ ਤੇ ਕਿਸੇ ਨੂੰ ਵੱਢੀ ਨਾ ਲੈਣ ਦੇਣ। ਜਿਹੜਾ ਵੱਢੀ ਲਵੇ ਦੇਵੇ ਉਹਦਾ ਉਥੇ ਹੀ ਪਿੱਟ ਸਿਆਪਾ ਕਰਨ ਤਾਂ ਜੋ ਵੱਢੀ ਲੈਣ ਵਾਲਾ ਵੱਢੀ ਲੈ ਨਾ ਸਕੇ।

ਚੋਣਾਂ ਹੋ ਰਹੀਆਂ ਹਨ। ਗੱਲ ਕਿਸੇ ਰਾਜਸੀ ਪਾਰਟੀ ਦੀ ਨਹੀਂ ਕਿ ਇਕ ਚੰਗੀ ਹੈ, ਦੂਜੀ ਮਾੜੀ। ਵੱਖੋ ਵੱਖ ਪਾਰਟੀਆਂ ਦੀਆਂ ਟਿਕਟਾਂ ਲੈਣ ਤੇ ਚੋਣਾਂ ਲੜਨ ਵਾਲੇ ਬਥੇਰੇ ਨੇਤਾ ਹਨ ਜੋ ਢਿੱਡੋਂ ਪੇਟੋਂ ਇਕ ਹਨ। ਇਕੋ ਪਾਰਟੀ ਵਿਚ ਵੀ ਇਹੋ ਜਿਹੇ ਨੇਤਾਵਾਂ ਦੀ ਘਾਟ ਨਹੀਂ ਜਿਹੜੇ ਇਕ ਦੂਜੇ ਨਾਲ ਖ਼ਾਰ ਖਾਂਦੇ ਹਨ। ਕਈ ਵਾਰ ਵਿਰੋਧੀ ਪਾਰਟੀਆਂ ਵਿਚਕਾਰ ਏਨਾ ਵਿਰੋਧ ਨਹੀਂ ਹੁੰਦਾ ਜਿੰਨਾ ਇਕੋ ਪਾਰਟੀ ਵਿਚਕਾਰ ਆਪਸ ਵਿਚ ਹੁੰਦੈ। ਬਹੁਤੇ ਵਿਰੋਧ, ਵੱਢੀ ਦਾ ਮਾਲ-ਮੱਤਾ ਘੱਟ-ਵੱਧ ਮਿਲਣ ਤੋਂ ਹੀ ਪੈਦਾ ਹੁੰਦੇ ਹਨ।

ਬਹੁਤੇ ਹਮ੍ਹਾਤੜ ਤੁਮ੍ਹਾਤੜਵੱਖ ਵੱਖ ਪਾਰਟੀਆਂ ਦੇ ਹਮਾਇਤੀ ਬਣ ਕੇ ਐਵੇਂ ਹੀ ਡਾਂਗਾਂ ਸੋਟੇ ਚੁੱਕੀ ਫਿਰਦੇ ਤੇ ਆਪੋ ਵਿਚ ਜੁਤ ਪਤਾਣ ਹੋਈ ਜਾਂਦੇ ਹਨ। ਚੋਣਾਂ ਤੋਂ ਅੱਗੋਂ ਪਿੱਛੋਂ ਪਤਾ ਲੱਗਹੀ ਜਾਂਦੈ ਕਿ 'ਵੱਡੇ ਬੰਦੇ' ਕਿਸੇ ਇੱਕੋ 'ਮਾਂ ਪਾਰਟੀ' ਨਾਲ ਹੀ ਨਹੀਂ ਬੱਝੇ ਹੁੰਦੇ। ਪੰਜਾਬ ਦੇ ਕਪਤਾਨਾਂ ਨੂੰ ਈ ਵੇਖ ਲਓ। ਵੱਡਿਆਂ ਬੰਦਿਆਂ ਦੀਆਂ ਵੱਡੀਆਂ ਜਾਇਦਾਦਾਂ, ਕਾਰਾਂ ਕੋਠੀਆਂ,ਹੋਟਲਾਂ, ਮਹੱਲਾਂ, ਕਾਰਖਾਨਿਆਂ,ਕਾਰੋਬਾਰਾਂ, ਲਾਕਰਾਂ ਤੇ ਬੈਂਕ ਬੈਲੈਂਸਾਂ ਵਿਚ ਜੇ ਪੂਰੀ ਚੌਕਸੀ ਨਾਲ ਕਰੋਲਾ ਦਿੱਤਾ ਜਾਵੇ ਤਾਂ ਪੰਜਾਬ ਦਾਖਾਲੀ ਖ਼ਜ਼ਾਨਾ ਮੁੜ ਮਾਲਾਮਾਲ ਹੋ ਸਕਦੈ। ਉਨ੍ਹਾਂ ਦਾ ਪੰਜਾਬ ਸਿਰ ਚਾੜ੍ਹਿਆਤਿੰਨ ਲੱਖ ਕਰੋੜ ਦਾ ਕਰਜ਼ਾ ਲਾਹੁਣਾ ਤਾਂ ਗੱਲ ਈ ਕਿਹੜੀ ਐ? ਗੱਲ ਤਾਂ ਚੋਰਾਂ-ਯਾਰਾਂ ਤੇ ਵਿਗੜੇ ਬੰਦਿਆਂ ਨੂੰ 'ਬੰਦੇ' ਬਣਾਉਣ ਦੀ ਹੈ।

ਚੋਣਾਂ ਲੜਨ ਵਾਲਿਓ! ਇਹ ਤਾਂ ਦੱਸੋ ਪਈ 'ਵੱਡਿਆਂਬੰਦਿਆਂ' ਦੀਆਂ ਬਣਾਈਆਂ ਨਾਜਾਇਜ਼ ਜਾਇਦਾਦਾਂ ਦਾ ਕੀ ਕਰੋਗੇ?ਜੇਲੋਕਾਂ ਦੀ 'ਸੇਵਾ' ਹੀ ਕਰਨੀ ਹੈ ਤਾਂ ਸੇਵਾਦਾਰਾਂ ਨੇ ਨਿੱਜੀ ਜਾਇਦਾਦਾਂ ਬਣਾ ਕੇਕੀ ਕਰਨੀਆਂ ਹਨ? ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ ਕਾਨੂੰਨ ਬਣਾ ਦਿਓ ਕਿ ਜੀਹਨੇ 'ਰਾਜ ਨਹੀਂ ਸੇਵਾ'ਕਰਨ ਲਈ ਚੋਣ ਲੜਨੀ ਹੈ, ਉਹ ਆਪਣੇ ਗੁਜ਼ਾਰੇ ਜੋਗੀ ਪੂੰਜੀ ਰੱਖ ਕੇ ਬਾਕੀ ਚੱਲ ਅਚੱਲ ਜਾਇਦਾਦ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਾਵੇ। ਨਾਲ ਹਲਫੀਆਬਿਆਨਦੇਵੇ ਕਿ 'ਰਾਜ ਨਹੀਂ ਸੇਵਾ' ਦੌਰਾਨ ਕੌਡੀ ਭਰ ਵੀ ਹੋਰ ਜਾਇਦਾਦ ਨਾ ਆਪ ਬਣਾਵੇਗਾ ਨਾ ਨੇੜਲੇ ਰਿਸ਼ਤੇਦਾਰਾਂ ਨੂੰ ਬਣਾਉਣ ਦੇਵੇਗਾ। ਨਿੱਜੀ ਜਾਇਦਾਦਾਂਵਿਚ ਵਾਧਾ ਕਰੀ ਜਾਣਾ ਹੀ ਸਾਰੇ ਪੁਆੜਿਆਂ ਦੀ ਜੜ੍ਹ ਹੈ।ਜ਼ਮੀਨ ਦੀ ਹੱਦਬੰਦੀ ਦਾ ਕਾਨੂੰਨ ਤਾਂ 1972 ਵਿਚ ਹੀ ਬਣਾ ਦਿੱਤਾ ਗਿਆ ਸੀ ਕਿ ਕੋਈ ਬਾਲਗ ਕਿਸਾਨ ਸਾਢੇ ਸਤਾਰਾਂ ਏਕੜ ਤੋਂ ਵੱਧ ਸੇਂਜੂ ਜਾਂ ਪੰਜਾਹ ਏਕੜ ਤੋਂ ਵੱਧ ਬਰਾਨੀ ਜ਼ਮੀਨ ਨਹੀਂ ਰੱਖ ਸਕਦਾ।ਵੋਟਰ ਸੁਆਲ ਉਠਾਉਣ ਕਿ ਸ਼ਹਿਰੀ ਜਾਇਦਾਦਾਂ ਦੀ ਹੱਦਬੰਦੀ ਦਾ ਕਾਨੂੰਨ ਬਣਾਉਣਾ ਵੀ ਸਿਆਸੀ ਪਾਰਟੀਆਂ ਆਪਣੇ ਅਜੰਡੇ'ਤੇ ਪਾਉਣ। ਫੇਰ ਵੇਖਿਓ ਕਿਹੜੇ ਭਾਅ ਵਿਕਦੀ ਐ!

# ਲੀਡਰੋ ਪੰਜਾਬ ਨੂੰ ਅੱਜ ਘੋਰ ਆਰਥਿਕ, ਸਮਾਜਿਕ, ਸਿੱਖਿਆ , ਸਿਹਤ ਤੇ ਨਸ਼ੇ ਦੇ ਸੰਕਟ ਵਿਚੋਂ ਕੱਢਣ ਦੀ ਸਖਤ ਜ਼ਰੂਰਤ ਹੈ

ਪੰਜਾਬ ਵਿੱਚ ਚੋਣਾਂ ਦਾ ਬਿਗਲ ਵੱਜਦਿਆਂ ਹੀ ਪਟਾਰੀ ਵਿੱਚੋ ਸੱਪ ਬਾਹਰ ਆ ਗਏ ਹਨ .ਹਰ ਇੱਕ ਸਪੇਰਾ ਆਪਣੀ ਬੀਨ ਵਜਾ ਕੇ ਲੋਕਾਂ ਨੂੰ ਮੰਤਰ ਮੁਗਧ ਕਰਨ ਵਿੱਚ ਕੋਈ ਕਸਰ ਨਹੀਂ ਛਡਣਾ ਚਾਹੁੰਦਾ . ਸਾਰੀਆਂ ਰਾਜਨੀਤਕ ਪਾਰਟੀਆਂ ਲੋਕ-ਲੁਭਾਊ ਨਾਅਰਿਆਂ ਦੇ ਨਾਲ-ਨਾਲ ਵਾਅਦੇ ਤੇ ਵਾਅਦੇ. ਗਰੰਟੀ ਤੇ ਗਰੰਟੀ ਅਤੇ ਐਲਾਨ ਤੇ ਐਲਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੀਆਂ ਪਈਆਂ . ਇਨ੍ਹਾਂ ਵਿਚ ਮੁੱਖ ਤੌਰ ਤੇ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਲੜਕੀਆਂ ਨੂੰ ਮੁਫਤ ਸਕੂਟੀ, ਔਰਤਾਂ ਤੇ ਲੜਕੀਆਂ ਨੂੰ 1000 ਤੋਂ 2000 ਰੁਪਏ ਮਹੀਨਾ ਵਿੱਤੀ ਸਹਾਇਤਾ ਅਤੇ ਹੋਰ ਬਹੁਤ ਸਬਜ਼ਬਾਗ ਦਿਖਾਏ ਜਾ ਰਹੇ ਹਨ। ਵਾਅਦਿਆਂ ਮੁਤਾਬਿਕ 1000 ਜਾਂ 2000 ਰੁਪਏ ਹਰ ਇਕ ਲੜਕੀ ਅਤੇ ਔਰਤ ਨੂੰ ਦੇਣ ਲਈ ਵਾਅਦੇ ਕੀਤੇ ਜਾ ਰਹੇ । ਆਟਾ ਦਾਲ ਤੇ ਪਹਿਲਾਂ ਹੀ ਮੁਫ਼ਤ ਮਿਲ ਰਿਹਾ ਹੈ .ਹੁਣ ਘਿਉ ,ਖੰਡ ,ਆਲੂ ,ਬਰਗਰ ,ਪੀਜ਼ਾ ਤੇ ਟਿਫਨ ਘਰ ਘਰ ਪਹੁੰਚਣਗੇ ਇਹ ਵੀ ਐਲਾਨ ਹੋਣ ਵਾਲਾ ਹੈ .ਪਰ ਇਹ ਕਿਸੇ ਵੀ ਰਾਜਨੀਤਕ ਪਾਰਟੀ ਨੇ ਨਹੀਂ ਦੱਸਿਆ ਕਿ ਇਹ ਰਕਮ ਕਿਥੋਂ ਆਵੇਗੀ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕੋਈ ਵੀ ਇਨ੍ਹਾਂ ਸਕੀਮਾਂ ਦਾ ਵਿਰੋਧ ਨਹੀਂ ਕਰਦਾ। ਸਾਰੇ ਲੈਣ ਵਾਲੇ ਇਹੋ ਹੀ ਆਖਦੇ ਹਨ ਕਿ ਇਹ ਤਾਂ ਸਹੂਲਤਾਂ ਸਾਨੂੰ ਸਰਕਾਰ ਦਿੰਦੀ ਹੈ ਕਿਸੇ ਦੇ ਘਰੋਂ ਤਾਂ ਨਹੀਂ ਆ ਰਹੀਆਂ .ਪਰ ਸੋਚਣ ਵਾਲੀ ਗੱਲ ਤਾਂ ਇਹ ਕਿ ਇਹ ਸਹੂਲਤਾਂ ਆਰਜ਼ੀ ਤੌਰ ਤੇ ਲੋਕਾਂ ਲਈ ਦੇ ਲਈ ਨਹੀਂ ਲਾਹੇਵੰਦ ਹੋ ਸਕਦੀਆਂ ਹਨ. ਪਰ ਨਾ ਹੀ ਲੰਮੇ ਸਮੇਂ ਤਕ ਕਿਸੇ ਦਾ ਸਾਥ ਨਹੀਂ ਨਿਭਾ ਸਕਣਗੀਆਂ .ਪਰ ਹਰ ਇੱਕ ਨਾਗਰਿਕ ਨੂੰ ਮਾਣ-ਸਨਮਾਨ ਅਤੇ ਇਜ਼ਤ ਦੀ ਜ਼ਿੰਦਗੀ ਬਸਰ ਕਰਨ ਲਈ ਜ਼ਰੂਰੀ ਹੈ.ਕਿ ਲੋਕਾਂ ਨੂੰ ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਲਾਹੇਵੰਦ ਰੁਜ਼ਗਾਰ ਦਿਵਾਉਣਾ. ਉਨ੍ਹਾਂ ਨੂੰ ਆਪਣੇ ਆਪ ਰੋਜ਼ੀ ਰੋਟੀ ਕਮਾਉਣ ਦੇ ਯੋਗ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ।ਮੁਫ਼ਤ ਦਾ ਰਾਸ਼ਨ ਦੇ ਕੇ ਭਿਖਾਰੀ ਹੀ ਬਣਾਇਆ ਜਾ ਸਕਦਾ ਹੈ .ਸਾਰੀਆਂ ਪਾਰਟੀਆਂ ਨੇ ਇਕੋ ਰਟ ਲਾਈ ਹੋਈ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਵਿਖਾਉਂਗੀਆਂ . ਪਰ ਅਫਸੋਸ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਪੰਜਾਬ ਨੂੰ ਘੋਰ ਆਰਥਿਕ, ਸਮਾਜਿਕ, ਸਿੱਖਿਆ ਅਤੇ ਸਿਹਤ ਦੇ ਸੰਕਟ ਵਿਚੋਂ ਕਿਵੇਂ ਕੱਢਣਗੀਆਂ, ਇਸ ਦਾ ਖੁਲਾਸਾ ਜਾਂ ਕੋਈ ਵਿਉਂਤ ਪੰਜਾਬੀਆਂ ਸਾਹਮਣੇ ਨਹੀਂ ਕਰ ਰਹੀਆਂ. ਨਾ ਹੀ ਇਹਨਾਂ ਤੇ ਕਿਸੇ ਕਿਸਮ ਦੀ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਕਿਸੇ ਵੀ ਢੰਗ ਨਾਲ ਸੱਤਾ ਹਥਿਆਉਣਾ ਚਾਹੁੰਦੀਆਂ ਹਨ। ਜੇ ਕਰ ਇਹ ਕਹਿ ਲਈਏ ਕਿ ਸਾਰੇ ਇਕੋ ਥਾਲੀ ਦੇ ਚੱਟੇ ਵੱਢੇ ਹਨ ਤੇ ਇਹ ਕੋਈ ਅੱਤ ਕਥਨੀ ਨਹੀਂ ਹੋਵੇਗੀ . ਹਾਂ, ਕੁਝ ਕੁ ਲੀਡਰ ਚੰਗਾ ਪ੍ਰਸ਼ਾਸਨ ਦੇਣ ਹਿੱਤ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰ ਰਹੇ ਹਨ. ਜਿਸ ਨਾਲ ਫਾਲਤੂ ਖਰਚ ਅਤੇ ਕਰਾਂ ਦੀ ਚੋਰੀ ਰੋਕ ਕੇ ਸਰਕਾਰ ਦੀ ਆਮਦਨ ਵਧਾਈ ਜਾ ਸਕਦੀ ਹੈ। ਇਨ੍ਹਾਂ ਸੁਧਾਰਾਂ ਦੀ ਪੰਜਾਬ ਨੂੰ ਸੱਚਮੁੱਚ ਬਹੁਤ ਜ਼ਰੂਰਤ ਹੈ, ਕਿਉਂਕਿ ਕਈ ਦਹਾਕਿਆਂ ਤੋਂ ਪੰਜਾਬ ਵਿਚ ਚੰਗੇ ਪ੍ਰਸ਼ਾਸਨ ਦੀ ਘਾਟ ਕਾਰਨ ਹਰ ਵਪਾਰ ਖੇਤਰ ਵਿਚ ਮਾਫੀਆ ਦਾ ਬੋਲਬਾਲਾ ਹੈ .ਪਰ ਪੰਜਾਬ ਨੂੰ ਤਾਂ ਇਸ ਤੋਂ ਵੀ ਅੱਗੇ ਵਧੀਆ ਆਰਥਿਕ ਵਿਕਾਸ ਦੇ ਮਾਡਲ ਦੀ ਜ਼ਰੂਰਤ ਹੈ। ਅਸੀਂ ਕਿਸੇ ਪਾਰਟੀ ਨੂੰ ਮਾੜਾ ਨਹੀਂ ਕਹਿੰਦੇ ਪਰ ਸਾਨੂੰ ਤਾਂ ਇੱਕ ਚੰਗੇ ਪ੍ਰਸ਼ਾਸਨ ਦੀ ਜ਼ਰੂਰਤ ਹੈ .ਇੱਕ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਜਾਵੇ , ਦੂਜਾ ਨਸ਼ਾ ਖਤਮ ਹੋ ਜਾਵੇ ਬਾਕੀ ਸਾਰਾ ਕੁਝ ਲੋਕ ਆਪ ਹੀ ਕਰ ਲੈਣਗੇ .ਸਾਡੇ ਪੜ੍ਹਿਆ ਲਿਖਿਆ ਨੌਜਵਾਨ ਤਬਕਾ ਬਹੁਤ ਸਾਰਾ ਇਸ ਕਰਕੇ ਬਾਹਰ ਨੂੰ ਕੂਚ ਕਰ ਰਿਹਾ ਹੈ ਸਾਡਾ ਇੱਥੇ ਸਿਸਟਮ ਠੀਕ ਨਹੀਂ ਹੈ .ਸੋ ਹੁਣ ਇਕ ਵੇਲਾ ਇਹ ਵੀ ਹੈ ਕਿ ਸਿਸਟਮ ਨੂੰ ਸੁਧਾਰਿਆਂ ਜਾਣਾ ਚਾਹੀਦਾ ਹੈ . ਸੋ ਲੀਡਰਾਂ ਨੂੰ ਚਾਹੀਦਾ ਹੈ ਵੋਟਰਾਂ ਨੂੰ ਭਿਖਾਰੀਆਂ ਦੇ ਰੂਪ ਵਿੱਚ ਨਾ ਵੇਖਣ .ਸਗੋਂ ਉਹਨਾਂ ਨਾਲ ਇੱਕ ਚੰਗੇ ਨਾਗਰਿਕ ਦੇ ਦਰਜ਼ੇ ਦੀ ਗੱਲ ਕਰਨ .ਹੁਣ ਇਹ ਵੇਖਣਾ ਹੋਵੇਗਾ ਕਿ ਵੋਟਰ ਆਪਣੇ ਆਪ ਨੂੰ ਕਿੱਥੇ ਰੱਖ ਕੇ ਕਿਸ ਪਾਰਟੀ ਜਾਂ ਕਿਸ ਚਿਹਰੇ ਦੇ ਹੱਕ ਵਿੱਚ 20 ਫਰਵਰੀ ਨੂੰ ਫਤਵਾ ਦੇਣਗੇ .ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

# ਜਿੱਤ ਦੇ ਅਰਥ ਪੁੱਛਦੇ ਹੋ?

ਡਾ. ਗੁਰਬਖ਼ਸ਼ ਸਿੰਘ ਭੰਡਾਲ



ਤੁਸੀਂ ਇਸ ਜਿੱਤ ਦੇ ਅਰਥ ਪੁੱਛਦੇ ਹੋ, ਜਿੱਤ ਜੋ ਸਾਡੇ ਸਮਿਆਂ ਦਾ ਹਾਸਲ ਏ ਅਤੇ ਜ਼ਮੀਂ ਦੇ ਜਾਇਆਂ ਨੇ ਆਪਣੇ ਨਾਮ ਕੀਤੀ। ਜਿੱਤ ਜਿਸ ਬਾਰੇ ਵਕਤ ਦੇ ਹਾਕਮਾਂ ਦੀਆਂ ਫੋਕੀਆਂ ਧਾਰਨਾਵਾਂ ਟੁੱਟੀਆਂ। ਉਨ੍ਹਾਂ ਦੀ ਭਰਮਾਈ ਹੈਂਕੜ ਨੂੰ ਖ਼ੁਦ ਦੇ ਰੂਬਰੂ ਹੋਣਾ ਹੀ ਪਿਆ।

ਜਿੱਤ ਦੇ ਅਰਥ ਸਮਝਣ ਲਈ ਸਿਦਕ, ਸਬਰ, ਸਿਰੜ, ਸਾਧਨਾ, ਸਹਿਜ, ਸਹਿਯੋਗ, ਸਾਂਝੀਵਾਲਤਾ, ਸੂਹੀ ਸੋਚ, ਸਿਆਣਪ, ਸਾਂਝੀਵਾਲਤਾ, ਸਦਭਾਵਨਾ ਅਤੇ ਸੱਚ ਦਾ ਸਾਥ ਮਾਨਣਾ ਬਹੁਤ ਜ਼ਰੂਰੀ ਹੈ, ਜੋ ਇਨ੍ਹਾਂ ਜਿੱਤਾਂ ਵਾਲਿਆਂ ਦੇ ਸਿਰ ਦਾ ਤਾਜ ਆ। ਇਹ ਜਿੱਤ ਹੀ ਹੈ ਜੋ ਚਿਰਾਂ ਬਾਅਦ ਆਪਣੇ ਘਰਾਂ ਨੂੰ ਪਰਤਦਿਆਂ ਦੇ ਮੁਖੜਿਆਂ ਦਾ ਨੂਰ, ਬਿਆਈਆਂ ਵਾਲੇ ਪੈਰਾਂ ਦਾ ਸਰੂਰ, ਰੱਟਨਾਂ ਵਾਲੇ ਹੱਥਾਂ ਦਾ ਗਰੂਰ ਅਤੇ ਖੇਤਾਂ ਵਿਚ ਉਗੀਆਂ ਖ਼ੁਸ਼ੀਆਂ ਦਾ ਪੁਰਨੂਰ ਏ। ਜਿੱਤ, ਜਿਸ ਨੇ ਆਮ ਲੋਕਾਂ ਨੂੰ ਉਨ੍ਹਾਂ ਦੀ ਹਿੰਮਤ, ਹੱਕ, ਹੱਠ ਅਤੇ ਦਲੇਰੀ ਦੇ ਦਰਸ਼ ਕਰਵਾਏ। ਜੇ ਤੁਸੀਂ ਫਿਰ ਵੀ ਇਸ ਜਿੱਤ ਦੇ ਮਾਅਨੇ ਪੁੱਛਦੇ ਹੋ? ਇਸ ਨੂੰ ਜਾਨਣਾ ਚਾਹੁੰਦੇ ਹੋ ਤਾਂ ਇਸ ਜਿੱਤ ਨੂੰ ਸਮਝਣ ਅਤੇ ਇਸ ਦੀਆਂ ਤਹਿਆਂ ਫਰੋਲਣ ਲਈ ਖ਼ੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ। ਇਸ ਦੀਆਂ ਪੈੜਾਂ ਨੂੰ ਫਰੋਲਣ ਲਈ ਖ਼ੁਦ ਨੂੰ ਉਨ੍ਹਾਂ ਹਾਲਤਾਂ ਬਾਰੇ ਕਿਆਸਣਾ ਹੋਵੇਗਾ ਤੇ ਪਿੱਛਲਪੁਰੀ ਵਿਚਾਰਨਾ ਪਵੇਗਾ। ਇਸ ਜਿੱਤ ਦੇ ਅਰਥ ਰਾਹਾਂ ਵਿਚ ਉਗੀਆਂ ਕੰਡਿਆਲੀਆਂ ਵਾੜਾਂ, ਠੋਕੇ ਹੋਏ ਕਿੱਲਾਂ ਅਤੇ ਰੋਕਾਂ ਦੀ ਹਿੱਕ 'ਤੇ ਉਗੇ ਹੋਏ ਸਫ਼ਰ ਨੂੰ ਪੁੱਛਣਾ ਜਿਨ੍ਹਾਂ ਨੂੰ ਆਪਣੀ ਹੋਛੀ ਹਰਕਤ 'ਤੇ ਸ਼ਾਇਦ ਹੁਣ ਨਮੋਸ਼ੀ ਜ਼ਰੂਰ ਆਉਂਦੀ ਹੋਵੇਗੀ।

ਜਿੱਤ ਦੇ ਮਾਅਨੇ ਜਾਣਨ ਲਈ ਪਾਣੀਆਂ ਦੀਆਂ ਬੁਛਾਰਾਂ ਵਿਚ ਪੰਜ ਇਸ਼ਨਾਨ ਕਰ ਕੇ ਸੋਚ ਨੂੰ ਸੁੱਚਾ ਕਰਦੇ ਅਤੇ ਵਰ੍ਹਦੀਆਂ ਡਾਗਾਂ ਤੇ ਅੱਥਰੂ ਗੈਸ ਦੇ ਗੋਲਿਆਂ ਵਿਚੋਂ ਆਪਣੀ ਜਿੱਤ ਦੀ ਨਿਸ਼ਾਨਦੇਹੀ ਕਰਦੀਆਂ ਉਨ੍ਹਾਂ ਅੱਖਾਂ ਵਿਚੋਂ ਦੇਖਣਾ ਜਿਨ੍ਹਾਂ ਲਈ ਆਪਣੀ ਤੋਰ ਵਿਚ ਪਕਿਆਈ ਅਤੇ ਤਕੜਾਈ ਉਨ੍ਹਾਂ ਦਾ ਹਾਸਲ ਬਣਨ ਲਈ ਉਤਾਵਲੀ ਸੀ। ਜਿੱਤ ਨੂੰ ਸਮਝਣ ਲਈ ਗਿੱਟਿਆਂ 'ਤੇ ਸੋਟੀਆਂ ਨਾਲ ਉਗੀ ਹੋਈ ਚੀਸ, ਪਾਟੇ ਹੋਏ ਸਿਰ ਅਤੇ ਵਾਲਾਂ 'ਚੋਂ ਵਗਦੀਆਂ ਲਹੂ ਦੀਆਂ ਤਤੀਰੀਆਂ ਦੇ ਰੰਗ ਨੂੰ ਸਮਝਣਾ। ਪੀੜ ਨੂੰ ਅੰਤਰੀਵ ਵਿਚ ਜ਼ੀਰ ਕੇ ਆਪਣੇ 'ਤੇ ਤਸ਼ੱਦਦ ਢਾਹੁਣ ਵਾਲਿਆਂ ਨੂੰ ਲੰਗਰ ਛਕਾਉਣ ਦੀ ਸ਼ੁਭ ਕਰਮਨ ਵਾਲੀ ਧਾਰਨਾ ਨੂੰ ਸਮਝਣ ਦੀ ਲੋੜ ਹੈ। ਤਾਂ ਹੀ ਪਤਾ ਲੱਗੇਗਾ ਕਿ ਜ਼ੁਲਮ ਢਾਹੁਣ ਵਾਲਿਆਂ ਦੇ ਹੱਥਾਂ 'ਤੇ ਰੱਖੇ ਲੰਗਰ ਦੇ ਫੁਲਕੇ 'ਤੇ ਤਾਂ ਪਹਿਲੇ ਦਿਨ ਹੀ ਜਿੱਤ ਦੇ ਸ਼ਿਲ਼ਾਲੇਖ ਉਕਰੇ ਗਏ ਸਨ। ਸਿਰਫ਼ ਹਾਕਮਾਂ ਕੋਲ ਇਨ੍ਹਾਂ ਨੂੰ ਪੜ੍ਹਨ ਦੀ ਹੀ ਵਿਹਲ ਨਹੀਂ ਸੀ ਅਤੇ ਨਾ ਹੀ ਉਹ ਇਸ ਲਿਖਤ ਨੂੰ ਸਮਝ ਕੇ ਇਸ ਦੀ ਸੁੱਚਮਤਾ ਨੂੰ ਨਤਮਸਤਕ ਹੋਣ ਲਈ ਤਿਆਰ ਸਨ।

ਜਿੱਤ ਤਾਂ ਦੀਦਿਆਂ ਵਿਚ ਤਰਲ ਹੋਏ ਸੁਪਨਿਆਂ 'ਚੋਂ ਉਸ ਦਿਨ ਹੀ ਵਹਿ ਤੁਰੀ ਸੀ, ਜਿਸ ਦਿਨ ਖ਼ੇਤਾਂ ਦੇ ਜਾਇਆਂ ਨੇ ਧਰਤ ਮਾਂ ਦੇ ਹੱਕਾਂ ਲਈ ਚਾਲੇ ਪਾਏ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨੈਣਾਂ ਵਿਚ ਤਰਲ ਹੋਏ ਸੁਪਨਿਆਂ ਨੇ ਉਨਾ ਚਿਰ ਚੈਨ ਨਾਲ ਟਿਕਣ ਨਹੀਂ ਦੇਣਾ, ਜਿੰਨਾ ਚਿਰ ਉਹ ਆਪਣੀ ਵਿਰਾਸਤ ਅਤੇ ਮਿੱਟੀ ਦੀ ਮਹਿਕ ਨੂੰ ਪਿੰਡੇ 'ਤੇ ਮਹਿਕਾਉਂਦੇ ਰਹਿਣਗੇ।

ਇਸ ਜਿੱਤ ਦੇ ਅਰਥ ਤਾਂ ਤੁਹਾਨੂੰ ਵਿਰਸੇ ਵਿਚ ਬੜੀ ਜਲਦੀ ਹੀ ਲੱਭ ਜਾਣਗੇ। ਜਦ ਕੋਈ ਕੌਮ ਆਪਣੇ ਹੱਕਾਂ ਲਈ ਜਾਨ ਦੀ ਬਾਜ਼ੀ ਲਾਉਣ ਅਤੇ ਸ਼ਾਂਤ ਰਹਿ ਕੇ ਜਾਬਰਾਂ ਨੂੰ ਝੁਕਾਉਣਾ ਜਾਣਦੀ ਹੋਵੇ ਤਾਂ ਉਨ੍ਹਾਂ ਦੇ ਮੱਥਿਆਂ 'ਤੇ ਜਿੱਤਾਂ ਦੇ ਨਕਸ਼ ਜ਼ਰੂਰ ਉਘੜਨਗੇ।

ਇਸ ਜਿੱਤ ਨੇ ਦੁਨੀਆ ਨੂੰ ਦਰਸਾ ਦਿੱਤਾ ਕਿ ਜਦ ਆਮ ਵਿਅਕਤੀ ਜਾਗਰੂਕ ਹੋ ਕੇ ਤਰਕ ਅਤੇ ਸਮਝ ਨਾਲ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦਾ ਨਿਰਣਾ ਕਰ ਲਵੇ ਤਾਂ ਕੋਈ ਵੀ ਹਾਕਮ ਉਨ੍ਹਾਂ ਨੂੰ ਆਪਣੇ ਅਡੋਲ ਪ੍ਰਣ ਤੋਂ ਨਹੀਂ ਡੁਲਾ ਸਕਦਾ। ਉਹ ਦੁਨੀਆ ਦੀ ਤਵਾਰੀਖ਼ ਵਿਚ ਇਕ ਅਜਿਹਾ ਵਰਕਾ ਜੋੜ ਦਿੰਦੇ ਨੇ, ਜਿਸ 'ਤੇ ਆਉਣ ਵਾਲੀਆਂ ਨਸਲਾਂ ਮਾਣ ਵੀ ਕਰਨਗੀਆਂ ਅਤੇ ਆਪਣੇ ਪੁਰਖ਼ਿਆਂ ਦੇ ਮਾਰਗ 'ਤੇ ਚੱਲਣ ਦਾ ਤਹੱਈਆ ਵੀ ਕਰਨਗੀਆਂ।

ਇਸ ਜਿੱਤ ਦੀ ਤਹਿ ਫਰੋਲਣੀ ਹੈ ਤਾਂ ਧਰਨਿਆਂ ਦੇ ਆਲ਼ੇ-ਦੁਆਲੇ ਵਸਦੇ ਰੇਹੜੀ ਤੇ ਖੋਖੇ ਵਾਲਿਆਂ ਤੋਂ ਲੈ ਕੇ ਵੱਡੇ ਅਦਾਰਿਆਂ ਵਾਲਿਆਂ ਤੋਂ ਪੁੱਛੀਂ ਕਿ ਕਿਵੇਂ ਇਨ੍ਹਾਂ ਬਾਰੇ ਮੀਡੀਆ ਵਲੋਂ ਬਣਾਈ ਧਾਰਨਾ ਟੁੱਟਦੀ ਹੈ? ਕਿਵੇਂ ਹਰ ਵਿਅਕਤੀ ਇਸ ਨੂੰ ਆਪਣੀ ਜੱਦੋ-ਜਹਿਦ ਸਮਝ ਕੇ ਇਸ ਦਾ ਹਿੱਸਾ ਬਣ ਕੇ ਮਾਣਮੱਤਾ ਮਹਿਸੂਸ ਕਰਦਾ ਹੈ ਪਰ ਵਿਕਾਊ ਮੀਡੀਆ ਨੂੰ ਆਪਣੀ ਬੇਸ਼ਰਮੀ 'ਤੇ ਵੀ ਰਤਾ ਸ਼ਰਮ ਨਹੀਂ ਆਉਂਦੀ।

ਜਿੱਤ ਦੀ ਤਫ਼ਸੀਲ ਲਈ ਨੱਕ 'ਤੇ ਟਿਕਾਈਆਂ ਐਨਕਾਂ ਹੇਠ ਮਘਦੇ ਦੀਦਿਆਂ, ਹਿੱਕ ਵਿਚ ਉਜਵਲ ਹੋਈ ਜਜ਼ਬੇ ਦੀ ਜਵਾਲਾ, ਸੋਚ ਵਿਚ ਸ਼ਾਂਤੀ ਤੇ ਸਹਿਜ ਦਾ ਸੁਖ਼ਨ ਅਤੇ ਕਰਮ ਵਿਚਲੀ ਧਰਮ-ਕੀਰਤੀ ਵਿਚ ਉਤਰਨ ਦੀ ਜ਼ਰਾ ਕੁ ਕੋਸ਼ਿਸ਼ ਕਰੀਂ, ਸਭ ਕੁਝ ਆਪਣੇ ਆਪ ਹੀ ਸਮਝ ਆ ਜਾਵੇਗਾ। ਜਿੱਤ ਦੇ ਅਰਥ ਤਾਂ ਉਸ ਸਮੇਂ ਸਪੱਸ਼ਟ ਹੀ ਹੋ ਗਏ ਸਨ ਜਦ ਤਰਕ ਸਾਹਵੇਂ ਕਿਰ ਗਈਆਂ ਸਨ ਥੋਥੀਆਂ ਦਲੀਲਾਂ, ਪਾਖੰਡਬਾਜ਼ੀ ਦੀਆਂ ਦੁਰਕਾਰੀਆਂ ਗਈਆਂ ਸਨ ਅਪੀਲਾਂ। ਸਾਬਤ ਕਦਮਾਂ ਵਾਲੀ ਤੋਰ ਦੀ ਸੰਜੀਦਗੀ, ਸਿਆਣਪ, ਸਮਝ ਅਤੇ ਸਮਰੱਥਾ ਨੇ ਆਪਣੇ ਸਿਰੜ ਵਿਚੋਂ ਨਵੇਂ ਸਿਰਨਾਵਿਆਂ ਵਾਲੀ ਪੈੜ ਨੂੰ ਰੁਸ਼ਨਾਇਆ ਸੀ। ਸੁਪਨਿਆਂ ਦਾ ਸੱਚ ਹਾਸਲ ਕਰਨ ਲਈ ਖ਼ੁਦ ਨੂੰ ਸੁਪਨਿਆਂ ਦੇ ਹਾਣ ਦਾ ਕਰਨਾ ਪੈਂਦਾ ਅਤੇ ਸੁਪਨਿਆਂ ਦੀ ਸਰਦਲ 'ਤੇ ਖ਼ੁਦ ਨੂੰ ਅਰਪਿਤ ਕਰਨਾ ਪੈਂਦਾ ਹੈ।

ਜਿੱਤ ਦੇ ਅਰਥਾਂ ਲਈ ਮਿੱਟੀ ਦੇ ਜਾਇਆਂ ਦੀ ਤਹਿਰੀਕ ਦੀਆਂ ਤਹਿਆਂ ਫਰੋਲੀਂ। ਇਨ੍ਹਾਂ ਦੀ ਪੁਰਖ਼ੀ ਵਿਰਾਸਤ ਵਿਚਾਰੀਂ। ਇਨ੍ਹਾਂ ਦੀ ਜੀਵਨ-ਸ਼ੈਲੀ ਨੂੰ ਵਿਚਾਰੀਂ, ਜੋ ਦਿਨ-ਰਾਤ ਆਪਣੇ ਜੀਵਨ ਨੂੰ ਖੇਤਾਂ ਦੇ ਨਾਮ ਲਾਉਂਦੇ। ਸਾਹਾਂ ਵਰਗੀਆਂ ਫਸਲਾਂ ਨੂੰ ਬੱਚਿਆਂ ਵਾਂਗ ਪਾਲਦੇ ਅਤੇ ਇਨ੍ਹਾਂ ਦੀਆਂ ਸੁੱਖਣਾਂ ਸੁੱਖਦਿਆਂ, ਸਰਬੱਤ ਲਈ ਸਕੂਨ ਅਤੇ ਸਬਰ ਦਾ ਸਬਕ ਪੜ੍ਹਾਉਂਦੇ।

ਜਿੱਤ ਦੇ ਅਰਥ ਮਾਵਾਂ, ਦਾਦੀਆਂ, ਚਾਚੀਆਂ, ਤਾਈਆਂ, ਭੈਣਾਂ ਅਤੇ ਧੀਆਂ ਨੂੰ ਪੁੱਛਣਾ, ਜਿਨ੍ਹਾਂ ਨੇ ਖੇਤਾਂ ਦੇ ਵਾਰਸਾਂ ਨੂੰ ਮੋਰਚੇ 'ਤੇ ਤੋਰ ਖ਼ੁਦ ਖੇਤ ਸੰਭਾਲੇ। ਜਿਨ੍ਹਾਂ ਦੀਆਂ ਝੁਰੜੀਆਂ ਵਿਚ ਜਿੱਤ ਦੇ ਨਕਸ਼ ਸਨ, ਜਿਨ੍ਹਾਂ ਨੇ ਮੋਰਚਿਆਂ 'ਤੇ ਡਟਿਆਂ ਲਈ ਹੀ ਰੋਟੀ ਨਹੀਂ ਸੀ ਪਕਾਈ ਸਗੋਂ ਆਸ-ਪਾਸ ਵੱਸਦੀ ਲੋਕਾਈ ਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਜਿਨ੍ਹਾਂ ਨੇ ਲੋਕ-ਸੰਸਦ ਵੀ ਚਲਾਈ। ਜਿਨ੍ਹਾਂ ਨੇ ਦਿਹਾੜੀਦਾਰ ਹੋਣ ਦੀਆਂ ਤੁਹਮਤਾਂ ਨੂੰ ਪਿੰਡੇ ਤੋਂ ਪੂੰਝ, ਚਿਕਨੇ ਚਿਹਰਿਆਂ ਨੂੰ ਦੱਸ ਦਿਤਾ ਕਿ ਖੇਤਾਂ ਦੇ ਜਾਇਆਂ ਜਿੰਨੀਆਂ ਹੀ ਜ਼ੋਰਾਵਰ ਅਤੇ ਜ਼ਿੰਦਾਦਿਲ ਨੇ ਘਰ ਵਿਚ ਰਹਿਣ ਵਾਲੀਆਂ ਸਾਡੀਆਂ ਮਾਵਾਂ। ਜਿਹੜੀਆਂ ਮੌਕਾ ਪੈਣ 'ਤੇ ਸਿਰ 'ਤੇ ਮੜ੍ਹਾਸਾ ਬੰਨ੍ਹ, ਮੂਹਰੈਲ ਬਣ, ਦੁਸ਼ਮਣ ਦੀ ਅੱਖ ਵਿਚ ਅੱਖ ਪਾ ਕੇ ਉਸ ਨੂੰ ਉਸ ਦੀ ਔਕਾਤ ਦੇ ਰੂਬਰੂ ਵੀ ਕਰ ਸਕਦੀਆਂ ਨੇ। ਇਨ੍ਹਾਂ ਦੀ ਲਲਕਾਰ ਛੇੜਦੀ ਸੀ ਹਾਕਮਾਂ ਨੂੰ ਕੰਬਣੀ ਅਤੇ ਘੁਰਨਿਆਂ ਵਿਚ ਲੱਭਦੇ ਸਨ ਆਪਣੀ ਠਾਹਰ।

ਇਸ ਜਿੱਤ ਨੂੰ ਸਮਝਣ ਲਈ ਤੁਹਾਨੂੰ ਸੜਕਾਂ ਦੇ ਕੰਢਿਆਂ 'ਤੇ ਉਗੇ ਹੋਏ ਸ਼ਹਿਰ, ਟਰਾਲੀਆਂ ਵਿਚ ਬਣੇ ਹੋਏ ਘਰ ਅਤੇ ਪਾਣੀ 'ਚ ਡੁੱਬੇ ਤੰਬੂਆਂ ਵਿਚ ਔਕੜਾਂ ਨੂੰ ਮਖ਼ੌਲਾਂ ਕਰਨ ਵਾਲਿਆਂ ਨੂੰ ਮਿਲਣਾ ਪਵੇਗਾ। ਨਿੱਕੇ-ਨਿੱਕੇ ਖ਼ਾਨਿਆਂ ਵਿਚ ਜਾਗਦੀਆਂ ਕਿਤਾਬਾਂ ਨੂੰ ਘੋਖ਼ਦੀਆਂ ਅੱਖਾਂ ਦੇਖੀਂ। ਪੋਹ ਦੀ ਰਾਤੇ ਮਾਛੀਵਾੜੇ ਨੂੰ ਧਿਆਉਂਦੇ ਬਜ਼ੁਰਗਾਂ ਅਤੇ ਨੌਜਵਾਨਾਂ ਦੇ ਦੀਦਿਆਂ ਵਿਚ ਸਾਹਿਬਜ਼ਾਦਿਆਂ ਦੀ ਦੀਦਾ-ਦਲੇਰੀ ਨੂੰ ਚਿਤਵਣਾ ਬਹੁਤ ਜ਼ਰੂਰੀ। ਤਾਂ ਹੀ ਇਸ ਜਿੱਤ ਨੂੰ ਉਸ ਦੇ ਸਹੀ ਤੇ ਸੱਚੇ ਸੰਦਰਭ ਵਿਚ ਸਮਝਣ ਵਿਚ ਸੌਖ ਹੋਵੇਗੀ।

ਜਿੱਤ ਦੇ ਪਾਸਾਰ ਜਾਨਣੇ ਨੇ ਤਾਂ ਝੰਡਿਆਂ ਦੀ ਛਾਂ ਹੇਠ ਮਾਵਾਂ ਦਾ ਕਾਫ਼ਲਾ, ਸਵਾਣੀਆਂ ਵਲੋਂ ਮੁੱਠੀ ਬੰਦ ਕਰ ਕੇ ਲਾਏ ਜੈਕਾਰਿਆਂ ਦੀ ਗੂੰਜ, ਚੌਂਕੇ ਤੋਂ ਚੌਕ ਤੀਕ ਦੀ ਯਾਤਰਾ ਅਤੇ ਬਾਪੂਆਂ ਦੇ ਬਰੋਬਰ ਤੁਰਦੀਆਂ ਧੀਆਂ ਦੀਆਂ ਤਸਵੀਰਾਂ ਨੂੰ ਚੰਗੀ ਤਰ੍ਹਾਂ ਨਿਹਾਰਨਾ, ਤੁਹਾਨੂੰ ਉਨ੍ਹਾਂ ਦੀ ਤੋਰ ਵਿਚਲੀ ਮੜਕ ਤੇ ਨਿਰਭੈਤਾ, ਬੋਲਾਂ ਵਿਚਲੀ ਬੇਲਿਹਾਜ਼ਤਾ ਅਤੇ ਅੱਖਾਂ ਵਿਚ ਦਗਦੇ ਚੰਗਿਆੜੇ ਵਿਚੋਂ ਆਪਣੇ ਟੀਚੇ ਨੂੰ ਪੂਰਾ ਕਰਨ ਦਾ ਪ੍ਰਤੱਖ ਪ੍ਰਮਾਣ ਨਜ਼ਰੀਂ ਪਵੇਗਾ।

ਜਿੱਤ ਦੇ ਅਰਥ ਪੁੱਛਣੇ ਤਾਂ ਉਨ੍ਹਾਂ ਨੂੰ ਜ਼ਰੂਰ ਪੁੱਛੀਂ ਜਿਨ੍ਹਾਂ ਨੇ ਘਰ-ਪਰਿਵਾਰ ਨੂੰ ਬੇਦਾਵਾ ਦਿੱਤਾ, ਜਿਨ੍ਹਾਂ ਆਪਣਾ ਸਭ ਕੁਝ ਵੇਚ ਵੱਟ ਕੇ ਲੋਕ-ਲਹਿਰ ਦੇ ਲੇਖੇ ਲਾਇਆ, ਜਿਨ੍ਹਾਂ ਭਰਮ-ਭੁਲੇਖਿਆਂ ਨੂੰ ਤਿਆਗ ਕੇ ਹੱਕ-ਸੱਚ ਦੀ ਲਹਿਰ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਇਆ ਅਤੇ ਲੋਕਾਂ ਦਾ ਪਿਆਰ ਕਮਾਇਆ। ਇਹ ਲੋਕ ਹੀ ਨੇ ਜਿਨ੍ਹਾਂ ਨੇ ਤਵਾਰੀਖ਼ ਦਾ ਇਕ ਵਰਕਾ ਆਪਣੇ ਨਾਮ ਦਾ ਲਿਖਵਾਇਆ ਅਤੇ ਨਵੀਂ ਤਹਿਜ਼ੀਬ ਨੂੰ ਲੋਕ-ਮਨਾਂ ਵਿਚ ਸਮਾਇਆ ਕਿ ਲੋਕਾਂ ਦੀਆਂ ਵੰਡੀਆਂ ਸਿਰਫ਼ ਹਾਕਮਾਂ ਦੀ ਚਾਲ ਹੁੰਦੀ ਹੈ। ਜਦ ਲੋਕ ਇਕੱਠੇ ਹੋ ਕੇ ਲੋਕ-ਲਹਿਰ ਬਣਦੇ ਨੇ ਤਾਂ ਇਹ ਚਾਲਾਂ ਰੇਤ ਦੀਆਂ ਦੀਵਾਰਾਂ ਵਾਂਗ ਪਲ ਭਰ ਵਿਚ ਢਹਿ-ਢੇਰੀ ਹੋ ਜਾਂਦੀਆਂ ਨੇ।

ਜਿੱਤ ਦੇ ਅਰਥ ਪੁੱਛਣੇ ਨੇ ਤਾਂ ਕਾਰਪੋਰੇਟਾਂ ਦੇ ਚਿਹਰਿਆਂ 'ਤੇ ਚਿਪਕੀ ਉਦਾਸੀ, ਜ਼ਮੀਨਾਂ ਹਥਿਆਉਣ ਦੀ ਲੋਚਾ ਪਾਲਣ ਵਾਲਿਆਂ ਦੀ ਨਮੋਸ਼ੀ, ਵੱਡੇ ਮਹਿਲਾਂ ਵਿਚ ਖਾਮੋਸ਼ ਹੋ ਗਈਆਂ ਮਹਿਫ਼ਲਾਂ ਅਤੇ ਉਨ੍ਹਾਂ ਦੀਆਂ ਕੂੜ-ਕਮਾਈਆਂ, ਕੁਰਹਿਤਾਂ ਅਤੇ ਕਮੀਨਗੀਆਂ ਨੂੰ ਮਿਲੀ ਕਰੁਣਾ ਦਾ ਅੰਦਾਜ਼ਾ ਜ਼ਰੂਰ ਲਾ ਲੈਣਾ।

ਜਿੱਤ ਦੇ ਅਰਥ ਤਾਂ ਸਪੱਸ਼ਟ ਹੀ ਹੋ ਜਾਣਗੇ ਜਦ ਗੀਤਾਂ ਦੇ ਬਦਲੇ ਮੁੱਖੜੇ ਅਤੇ ਲੋਕ-ਸੰਗੀਤ ਦੇ ਨਵੇਂ ਸਿਰਨਾਵੇਂ ਨੂੰ ਦੇਖਣਾ। ਕਲਮਾਂ ਵਲੋਂ ਕੋਰੇ ਵਰਕਿਆਂ 'ਤੇ ਉਕਰੀ ਉਸ ਇਬਾਰਤ ਨੂੰ ਪੜ੍ਹਨਾ, ਜਿਸ ਨੇ ਇਬਾਦਤ ਵਾਂਗ ਨਵੀਂ ਪੀੜ੍ਹੀ ਦਾ ਮਾਰਗ-ਦਰਸ਼ਨ ਕਰਨਾ ਹੈ। ਨੌਜਵਾਨਾਂ ਦੇ ਸੁਪਨਿਆਂ ਨੂੰ ਮਿਲੀ ਨਵੀਂ ਪਰਵਾਜ਼, ਜਿਊਣ ਤੋਂ ਆਕੀ ਹੋ ਚੁੱਕਿਆਂ ਨੂੰ ਮਿਲਿਆ ਨਵਾਂ ਜਿਊਣ ਅੰਦਾਜ਼ ਅਤੇ ਉਨ੍ਹਾਂ ਦੇ ਸਾਹਸੱਤ ਹੀਣ ਸਾਹਾਂ ਵਿਚ ਉਗਿਆ ਸਾਹਾਂ ਦਾ ਰਿਆਜ਼ ਦੇਖਣਾ। ਪਤਾ ਲੱਗੇਗਾ ਕਿ ਜਿੱਤ ਵਿਚੋਂ ਜ਼ਿੰਦਗੀ ਦੀ ਕਿਵੇਂ ਨਿਸ਼ਾਨਦੇਹੀ ਕਰ ਸਕਦੇ ਹਾਂ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਇਸ ਵਾਰ ਕੀ ਕਰੇਗਾ ਜਿੱਤ ਕੇ ਲੜਾਈ ਹਾਰਨ ਗਿੱਝਾ ਹੋਇਆ ਪੰਜਾਬ!





ਜਤਿੰਦਰ ਪੰਨੂ

ਅਸੀਂ ਬਹੁਤ ਸਾਰੇ ਦੱਬੇ ਮੁਰਦਿਆਂ ਨੂੰ ਉਖਾੜ ਕੇ ਲੋਕ-ਸੱਥ ਸਾਹਮਣੇ ਰੱਖ ਸਕਦੇ ਹਾਂ, ਅਤੇ ਰੱਖਣਾ ਵੀ ਚਾਹੁੰਦੇ ਹਾਂ, ਪਰ ਉਸ ਦਾ ਕੋਈ ਫਾਇਦਾ ਨਹੀਂ ਹੋਣਾ, ਜਿਹੜੀ ਲੀਹ ਵਿੱਚ ਵਕਤ ਆਪਣੀ ਰਵਾਨੀ ਸੁਖਾਲੀ ਵੇਖੇਗਾ, ਉਸ ਨੇ ਉਸ ਪਾਸੇ ਹੀ ਵਹਿੰਦੇ ਰਹਿਣਾ ਹੈ। ਇਹ ਵਹਿਮ ਕਈ ਲੋਕਾਂ ਨੂੰ ਹੁੰਦਾ ਹੈ ਕਿ ਉਹ ਵਕਤ ਦੀ ਦਿਸ਼ਾ ਬਦਲ ਦੇਣਗੇ, ਇਸ ਲਈ ਉਹ ਤਾਣ ਵੀ ਪੂਰੀ ਈਮਾਨਦਾਰੀ ਨਾਲ ਲਾਉਂਦੇ ਹਨ, ਪਰ ਸਮਾਂ ਜਦੋਂ ਲੀਹ ਤੋਂ ਲਾਹੁਣ ਵਾਲਾ ਕੰਮ ਕਰਦਾ ਹੈ, ਅਕਲ ਦੇ ਭੰਡਾਰ ਮੰਨੇ ਜਾਣ ਵਾਲਿਆਂ ਨੂੰ ਵੀ ਸਮਝ ਨਹੀਂ ਲੱਗਦੀ। ਪੰਜਾਬ ਇਸ ਦੀਆਂ ਝਲਕਾਂ ਕਈ ਵਾਰੀ ਵੇਖ ਚੁੱਕਾ ਹੈ। ਦਸਵੇਂ ਗੁਰੂ ਸਾਹਿਬ ਵੱਲੋਂ ਸਰਬੰਸ ਵਾਰਨ ਦੇ ਬਾਅਦ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਆਏ ਤੇ ਉਨ੍ਹਾਂ ਦੀ ਕਮਾਨ ਹੇਠ ਪਹਿਲੀ ਵਾਰੀ ਜਗੀਰਾਂ ਤੋੜ ਕੇ ਮੁਜ਼ਾਰਿਆਂ ਨੂੰ ਵੰਡੀਆਂ ਗਈਆਂ, ਉਹ ਬਹੁਤ ਵੱਡਾ ਇਤਿਹਾਸਕ ਮੋੜਾ ਸੀ, ਪਰ ਇਸ ਦਾ ਮੁਹਾਣ ਮੋੜਨ ਲਈ ਵਕਤ ਨੇ ਸਦੀਆਂ ਨਹੀਂ ਸਨ ਉਡੀਕੀਆਂ, ਦਹਾਕਿਆਂ ਵਿੱਚ ਕੀ ਦਾ ਕੀ ਕਰ ਦਿੱਤਾ ਸੀ। ਬਾਰਾਂ ਮਿਸਲਾਂ ਮਸਾਂ ਚਾਰ ਦਹਾਕਿਆਂ ਅੰਦਰ ਹੀ ਬਣ ਗਈਆਂ ਸਨ ਤੇ ਫਿਰ ਅਸਲੀ ਮੁੱਦਾ ਭੁਲਾ ਕੇ ਇਲਾਕਿਆਂ ਉੱਤੇ ਕਬਜ਼ਾ ਕਰਨ ਦੇ ਲਈ ਮਿਸਲਾਂ ਆਪੋ ਵਿੱਚ ਲੜਨ ਅਤੇ ਗੁਰੂ ਦੇ ਸਿੱਖਾਂ ਨੂੰ ਇੱਕ ਦੂਸਰੇ ਤੋਂ ਮਰਵਾਉਣ ਲੱਗ ਪਈਆਂ ਸਨ। ਸਿੱਖ ਪੰਥ ਅੱਜ ਤੱਕ ਉਨ੍ਹਾਂ ਸਾਰੀਆਂ ਮਿਸਲਾਂ ਵਾਲੇ ਸਰਦਾਰਾਂ ਦਾ ਸਤਿਕਾਰ ਕਰਦਾ ਹੈ, ਕੁੱਟੇ ਜਾਣ ਵਾਲਿਆਂ ਦਾ ਵੀ ਅਤੇ ਕੁੱਟ ਖਾ ਕੇ ਹਾਰ ਮੰਨ ਲੈਣ ਪਿੱਛੋਂ ਓਸੇ ਤਰ੍ਹਾਂ ਦੀਆਂ ਜਗੀਰਾਂ ਲੈ ਕੇ ਤਸੱਲੀ ਕਰ ਲੈਣ ਵਾਲਿਆਂ ਦਾ ਵੀ, ਜਿੱਦਾਂ ਦੀਆਂ ਜਗੀਰਾਂ ਬਾਬਾ ਬੰਦਾ ਸਿੰਘ ਤੋੜ ਕੇ ਗਿਆ ਸੀ। ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੇ ਰਾਜ ਵਿੱਚ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਜਾਂਦੇ ਜਥਿਆਂ ਨੂੰ ਮਾਰਨ ਲਈ ਰਾਹਾਂ ਵਿਚਲੇ ਖੂਹਾਂ ਵਿੱਚ ਜ਼ਹਿਰ ਪਾ ਦਿੱਤਾ ਸੀ, ਉਹ ਬਾਅਦ ਵਿੱਚ ਵੋਟਾਂ ਨਾਲ ਚੁਣ ਕੇ ਗੁਰਦੁਆਰਿਆਂ ਦੇ ਪ੍ਰਬੰਧ ਵਾਲੀਆਂ ਕਮੇਟੀਆਂ ਦੇ ਮੈਂਬਰ ਤੇ ਅਹੁਦੇਦਾਰ ਬਣਦੇ ਰਹੇ ਸਨ। ਉਹੋ ਕੁਝ ਇਸ ਵੇਲੇ ਵਰਤਦਾ ਵੇਖ ਕੇ ਕੁਝ ਲੋਕ ਜਾਣਦੇ ਹੋਏ ਵੀ ਚੁੱਪ ਹਨ, ਕਿਉਂਕਿ 'ਇੱਕ ਚੁੱਪ, ਸੌ ਸੁਖ' ਦਾ ਫਾਰਮੂਲਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ।

ਇਸ ਪੰਜਾਬ ਵਿੱਚ ਕਦੀ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਬੋਲਬਾਲਾ ਹੋਇਆ ਕਰਦਾ ਸੀ, ਵਕਤ ਦੇ ਨਾਲ ਉਸ ਦੀ ਸੋਚ ਦੇ ਵਿਰੋਧੀਆਂ ਦੀ ਚੜ੍ਹਤ ਹੋਣ ਲੱਗੀ ਤਾਂ ਉਹ ਆਪਣੀ ਮਰਜ਼ੀ ਮੁਤਾਬਕ ਭਗਤ ਸਿੰਘ ਤੇ ਹੋਰਨਾਂ ਦੇਸ਼ ਭਗਤਾਂ ਦਾ ਇਤਹਾਸ ਲਿਖਣ ਅਤੇ ਠੋਸਣ ਲੱਗ ਪਏ। ਵਕਤ ਉਨ੍ਹਾਂ ਦੇ ਅੱਗੇ ਨਾਕਾ ਨਹੀਂ ਲਾ ਸਕਿਆ। ਜੱਲ੍ਹਿਆਂਵਾਲਾ ਬਾਗ ਵਿੱਚ ਅੰਗਰੇਜ਼ੀ ਰਾਜ ਦਾ ਤਸ਼ੱਦਦ ਝੱਲਣ ਵਾਲੇ ਹੋਰ ਲੋਕ ਸਨ, ਉਨ੍ਹਾਂ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲੇ ਹੋਰ ਅਤੇ ਸਮੇਂ ਦੇ ਨਾਲ ਇੱਕ ਦਿਨ ਉਹ ਲੋਕ ਜੱਲ੍ਹਿਆਂਵਾਲੇ ਬਾਗ ਦੇ ਕਾਰ-ਮੁਖਤਾਰ ਬਣ ਗਏ, ਜਿਹੜੇ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ਾਂ ਦੀ ਵਫਾਦਾਰੀ ਕਰਨ ਵਾਲਿਆਂ ਦੀ ਵਿਰਾਸਤ ਨਾਲ ਜੁੜੇ ਹੋਏ ਸਨ। ਵਕਤ ਉਨ੍ਹਾਂ ਨੂੰ ਇਹੋ ਜਿਹੀ ਧੱਕੜਸ਼ਾਹੀ ਕਰਦਿਆਂ ਨੂੰ ਰੋਕ ਨਹੀਂ ਸੀ ਸਕਿਆ। ਇੱਕ ਮੌਕਾ ਇਹੋ ਜਿਹਾ ਆਇਆ, ਜਦੋਂ ਆਜ਼ਾਦੀ ਸੰਘਰਸ਼ ਵਿੱਚ ਕੂਕਾ ਲਹਿਰ ਦੇ ਯੋਗਦਾਨ ਦਾ ਬਣਦਾ ਸਥਾਨ ਮੰਨਵਾਉਣ ਲਈ ਦੇਸ਼ਭਗਤ ਯਾਦਗਾਰ ਵਾਲਿਆਂ ਨੇ ਦੇਸ਼ ਦੇ ਉੱਪ ਪ੍ਰਧਾਨ ਮੰਤਰੀ ਨਾਲ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਦਾ ਫੈਸਲਾ ਕੀਤਾ ਤਾਂ ਪੁਲਸ ਨੇ ਕੁਟਾਪਾ ਚਾੜ੍ਹ ਦਿੱਤਾ ਅਤੇ ਜਿਨ੍ਹਾਂ ਕੋਲ ਉਸ ਮਹਾਨ ਲਹਿਰ ਦੀ ਵਿਰਾਸਤ ਦਾ ਸਰਟੀਫਿਕੇਟ ਸੀ, ਉਹ ਓਸੇ ਦਿਨ ਓਸੇ ਉੱਪ ਪ੍ਰਧਾਨ ਮੰਤਰੀ ਦੇ ਗਲ਼ ਹਾਰ ਪਾ-ਪਾ ਕੇ ਫੋਟੋ ਖਿਚਾਉਂਦੇ ਫਿਰਦੇ ਸਨ। ਉਨ੍ਹਾਂ ਨੂੰ ਵੀ ਏਦਾਂ ਕਰਨ ਤੋਂ ਵਕਤ ਨੇ ਨਹੀਂ ਰੋਕਿਆ। ਵਕਤ ਜਦੋਂ ਆਪਣੇ ਵਹਿਣ ਦੇ ਮੁਤਾਬਕ ਹਾਲਾਤ ਨੂੰ ਵਹਿੰਦੇ ਵੇਖਦਾ ਹੈ ਤਾਂ ਉਸ ਨੇ ਯੁੱਗਾਂ ਤੋਂ ਲੈ ਕੇ ਕਦੀ ਨਹੀਂ ਸੀ ਰੋਕਿਆ ਅਤੇ ਅੱਗੋਂ ਵੀ ਕਦੀ ਨਹੀਂ ਰੋਕਣਾ।

ਅਸੀਂ ਲੋਕਾਂ ਨੇ ਬਚਪਨ ਵਿੱਚ ਕਾਂਗਰਸ ਪਾਰਟੀ ਦੇ ਵਿਰੋਧ ਦੀ ਤਾਨ ਸੁਣੀ ਅਤੇ ਵੱਡੇ ਆਗੂਆਂ ਦੇ ਪਿੱਛੇ ਕਾਂਗਰਸ ਵਿਰੋਧੀ ਨਾਅਰੇ ਲਾਏ ਸਨ। ਜਦੋਂ ਫਿਰ ਪੰਜਾਬ ਦੀ ਪਹਿਲੀ ਗੈਰ ਕਾਂਗਰਸੀ ਸਰਕਾਰ ਬਣੀ, ਅਸੀਂ ਆਪਣੀ ਬਾਲ-ਉਮਰ ਵਿੱਚ ਚਾਅ ਨਾਲ ਖੀਵੇ ਹੋਏ ਪਏ ਸਾਂ ਅਤੇ ਜੋਗਾ ਸਿੰਘ ਜੋਗੀ ਦੇ ਇਹ ਬੋਲ ਪੰਜਾਬ ਦੀਆਂ ਸਟੇਜਾਂ ਉੱਪਰ ਗੂੰਜਿਆ ਕਰਦੇ ਸਨ; 'ਏਕੇ ਦੀਆਂ ਲਗਰਾਂ ਫੁੱਟੀਆਂ ਨੇ, ਗਾਂਧੀ ਦੀ ਬੱਕਰੀ ਖਾਵੇ ਨਾ'। ਮਸਾਂ ਅੱਠ ਮਹੀਨੇ ਲੰਘੇ ਕਿ ਓਸੇ ਗੈਰ-ਕਾਂਗਰਸੀ ਟੀਮ ਦੇ ਕੁਝ ਆਗੂ ਵਕਤ ਦੀ ਮਾਰ ਹੇਠ ਫਿਰ ਓਸੇ ਕਾਂਗਰਸ ਨਾਲ ਜਾ ਜੁੜੇ ਸਨ। ਜਿਹੜੇ ਬੇਅੰਤ ਸਿੰਘ ਨੇ ਅਕਾਲੀ ਦਲ ਵੱਲੋਂ ਚੋਣ ਲੜ ਕੇ ਹਾਰੀ ਤੇ ਫਿਰ ਆਜ਼ਾਦ ਚੋਣ ਲੜ ਕੇ ਅਕਾਲੀ-ਕਾਂਗਰਸੀ ਦੋਵਾਂ ਨੂੰ ਹਰਾਇਆ ਸੀ, ਉਹ ਵੀ ਸਮਾਂ ਪਾ ਕੇ ਪੰਜਾਬ ਦੀ ਕਾਂਗਰਸ ਦਾ ਪ੍ਰਧਾਨ ਬਣ ਗਿਆ ਤੇ ਫਿਰ ਪੰਜਾਬ ਦਾ ਮੁੱਖ ਮੰਤਰੀ ਵੀ ਬਣ ਗਿਆ। ਇਹੋ ਕਿੱਸਾ ਅੱਜ ਵਾਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹੈ, ਜਿਸ ਨੇ ਪਹਿਲੀ ਚੋਣ ਆਜ਼ਾਦ ਲੜੀ, ਕਾਂਗਰਸੀ ਤੇ ਅਕਾਲੀ ਦੋਵਾਂ ਨੂੰ ਹਰਾਇਆ ਅਤੇ ਅਗਲੀਆਂ ਦੋ ਚੋਣਾਂ ਕਾਂਗਰਸ ਵੱਲੋਂ ਜਿੱਤਣ ਪਿੱਛੋਂ ਓਸੇ ਕਾਂਗਰਸ ਦੀ ਰਾਜ ਸਰਕਾਰ ਦਾ ਮੁੱਖ ਮੰਤਰੀ ਬਣ ਗਿਆ ਹੈ। ਪਹਿਲਾਂ ਪ੍ਰਤਾਪ ਸਿੰਘ ਕੈਰੋਂ ਨੇ ਏਦਾਂ ਅਕਾਲੀ ਉਮੀਦਵਾਰ ਵਜੋਂ 1937 ਵਿੱਚ ਦੇਸ਼ਭਗਤ ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾਮਾਰੂ ਨੂੰ ਝੂਠੇ ਪ੍ਰਚਾਰ ਨਾਲ ਹਰਾਇਆ ਸੀ ਤੇ ਫਿਰ ਕਾਂਗਰਸ ਵੱਲੋਂ ਮੁੱਖ ਮੰਤਰੀ ਬਣ ਕੇ ਅਕਾਲੀਆਂ ਦੀ ਅੱਖ ਦਾ ਕੁੱਕਰਾ ਜਾ ਬਣਿਆ ਸੀ, ਪਰ ਉਸ ਦੇ ਅੱਖਾਂ ਮੀਟਣ ਪਿੱਛੋਂ ਪਤਨੀ ਵੀ ਅਤੇ ਪੁੱਤਰ ਵੀ ਫਿਰ ਅਕਾਲੀ ਦਲ ਵੱਲੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਦੇ ਫਿਰਦੇ ਸਨ। ਸ਼ਹੀਦ ਭਗਤ ਸਿੰਘ ਦੇ ਸਾਥੀ ਸੋਹਣ ਸਿੰਘ ਜੋਸ਼ ਨੂੰ ਅਕਾਲੀ ਆਗੂ ਈਸ਼ਰ ਸਿੰਘ ਮਝੈਲ ਨੇ ਇੱਕ ਝੂਠੀ ਤੋਹਮਤ ਲਾ ਕੇ ਹਰਾ ਦਿੱਤਾ ਸੀ ਅਤੇ ਲੋਕਾਂ ਨੂੰ ਇਸ ਖੇਡ ਦੀ ਸਮਝ ਨਹੀਂ ਸੀ ਪੈ ਸਕੀ। ਗਦਰ ਪਾਰਟੀ ਬਣਾਉਣ ਅਤੇ ਸਾਰੀ ਉਮਰ ਲੋਕਾਂ ਲਈ ਸੰਘਰਸ਼ ਕਰਨ ਤੇ ਜੇਲ੍ਹਾਂ ਵਿੱਚ ਸਾਲਾਂ ਬੱਧੀ ਸਖਤੀਆਂ ਝੱਲਣ ਵਾਲੇ ਬਾਬਾ ਸੋਹਣ ਸਿੰਘ ਭਕਨਾ ਨੂੰ ਵਿਧਾਨ ਸਭਾ ਵਿੱਚ ਵੜਨ ਤੋਂ ਰੋਕਣ ਲਈ ਕਾਂਗਰਸ ਦੇ ਆਗੂਆਂ ਨੇ ਉਸ ਦੇ ਮੁਕਾਬਲੇ ਝਬਾਲ ਦੀ ਸੀਟ ਤੋਂ ਗੁਰਦਿਆਲ ਸਿੰਘ ਢਿੱਲੋਂ ਨੂੰ ਖੜਾ ਕੀਤਾ ਤੇ ਮਹਾਨ ਦੇਸ਼ਭਗਤ ਬਾਬੇ ਦੇ ਰਾਹ ਵਿੱਚ ਕੰਡੇ ਵਿਛਾਉਣ ਲਈ ਰਾਤ-ਦਿਨ ਇੱਕ ਕਰ ਰੱਖਿਆ ਸੀ। ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾਮਾਰੂ, ਬਾਬਾ ਸੋਹਣ ਸਿੰਘ ਭਕਨਾ ਅਤੇ ਸੋਹਣ ਸਿੰਘ ਜੋਸ਼ ਨੂੰ ਦੇਸ਼ਭਗਤੀ ਦਾ ਸਰਟੀਫਿਕੇਟ ਚੁੱਕੀ ਫਿਰਦੇ ਕਾਂਗਰਸੀਆਂ ਨੇ ਇਸ ਲਈ ਹਰਾਇਆ ਸੀ ਕਿ ਉਨ੍ਹਾਂ ਅਸਲੀ ਦੇਸ਼ਭਗਤਾਂ ਦੇ ਸਾਹਮਣੇ ਇਨ੍ਹਾਂ ਨੂੰ ਆਪਣਾ ਕੱਦ ਬੌਣਾ ਲੱਗਦਾ ਸੀ। ਪੰਜਾਬ ਦੇ ਲੋਕਾਂ ਨੂੰ ਓਦੋਂ ਇਸ ਖੇਡ ਦੀ ਸਮਝ ਨਹੀਂ ਸੀ ਪੈ ਸਕੀ ਤੇ ਉਹ ਭੁਚਲਾਏ ਗਏ ਸਨ। ਵਕਤ ਨੇ ਏਦਾਂ ਦੇ ਕਈ ਦ੍ਰਿਸ਼ ਵੀ ਵਿਖਾਏ ਹੋਏ ਹਨ।

ਇਸ ਵੇਲੇ ਪੰਜਾਬ ਵਿੱਚ ਵਿਧਾਨ ਸਭਾ ਚੋਣ ਦਾ ਦੌਰ ਫਿਰ ਚੱਲ ਪਿਆ ਹੈ। ਅਸੀਂ ਮੇਲਿਆਂ ਵਿੱਚ ਹੀਰ ਦੀ ਕਿਤਾਬ ਵੇਚਣ ਲਈ ਬੋਰੀਆਂ ਵਿਛਾਈ ਬੈਠੇ ਦੁਕਾਨਦਾਰਾਂ ਤੋਂ ਸੁਣਦੇ ਹੁੰਦੇ ਸਾਂ ਕਿ 'ਵਾਰਸ ਸ਼ਾਹ ਦੀ ਅਸਲੀ ਹੀਰ' ਸਿਰਫ ਇਹੋ ਹੈ, ਜਿਹੜੀ ਮੈਂ ਵੇਚਦਾ ਪਿਆ ਹਾਂ। ਅੱਜਕੱਲ੍ਹ ਚੋਣਾਂ ਦੇ ਦੌਰ ਵਿੱਚ ਫਿਰ ਹਰ ਪਾਰਟੀ ਦਾ ਹਰ ਲੀਡਰ ਇਹੋ ਕਹੀ ਜਾ ਰਿਹਾ ਹੈ ਕਿ ਪੰਜਾਬ ਦੀ ਭਲਾਈ ਦਾ ਤਿੱਬੀ-ਯੂਨਾਨੀ ਅਤੇ ਹਕੀਮ ਲੁਕਮਾਨੀ ਨੁਸਖਾ ਸਿਰਫ ਉਨ੍ਹਾਂ ਕੋਲ ਹੈ ਤੇ ਪੰਜਾਬ ਦੇ ਲੋਕ ਏਨੀ ਭੀੜ ਵਿੱਚੋਂ ਆਪਣੇ ਮਰਜ਼ ਦਾ ਇਲਾਜ ਕਰਨ ਵਾਲਾ ਹਕੀਮ ਲੱਭਣ ਵਿੱਚ ਔਖ ਮਹਿਸੂਸ ਕਰਦੇ ਹਨ। ਅਗਲੇ ਦਿਨਾਂ ਵਿੱਚ ਇਹੋ ਜਿਹੇ ਦਾਅਵੇ ਕਰਨ ਵਾਲੇ ਲੀਡਰਾਂ ਦੀ ਸੁਰ ਵੀ ਹੋਰ ਉੱਚੀ ਹੋ ਜਾਣੀ ਹੈ, ਨੌਟੰਕੀ ਵੀ ਦਿਨੋ-ਦਿਨ ਵਧਣੀ ਹੈ ਤੇ ਆਮ ਲੋਕਾਂ ਦਾ ਭੰਬਲਭੂਸਾ ਵੀ ਦਿਨੋ ਦਿਨ ਵਧਣਾ ਹੈ। ਬਚਪਨ ਵਿੱਚ ਅਸੀਂ ਸਾਰਿਆਂ ਨੇ ਉਸ ਬੱਚੇ ਦੀ ਕਹਾਣੀ ਸੁਣੀ ਅਤੇ ਪੜ੍ਹੀ ਹੋਈ ਹੈ, ਜਿਹੜਾ ਭੇਡ ਦਾ ਮੇਮਣਾ ਲਈ ਜਾਂਦਾ ਸੀ ਅਤੇ ਚਾਰ ਬਦਮਾਸ਼ਾਂ ਵਾਰੀ ਵਾਰੀ ਇਹ ਕਹਿ ਕੇ ਉਸ ਨੂੰ ਬੇਵਕੂਫ ਬਣਾ ਲਿਆ ਸੀ ਕਿ ਇਹ ਮੇਮਣਾ ਨਹੀਂ, ਕਤੂਰਾ ਹੈ। ਵਿਚਾਰਾ ਬੱਚਾ ਉਨ੍ਹਾਂ ਦੇ ਝਾਂਸੇ ਵਿੱਚ ਆ ਕੇ ਕਤੂਰਾ ਮੰਨ ਕੇ ਮੇਮਣਾ ਉਨ੍ਹਾਂ ਅੱਗੇ ਸੁੱਟ ਬੈਠਾ ਅਤੇ ਖਾਲੀ ਹੱਥ ਘਰ ਘਰ ਜਾ ਵੜਿਆ ਸੀ। ਇਸ ਵੇਲੇ ਪੰਜਾਬ ਤੇ ਇਸ ਦੇ ਨਾਲ ਹੀ ਚਾਰ ਹੋਰਨਾਂ ਰਾਜਾਂ ਦੇ ਲੋਕਾਂ ਨੂੰ ਠੱਗਣ ਵਾਲੀਆਂ ਧਾੜਾਂ ਇੱਕ ਵਾਰ ਫਿਰ ਮੈਦਾਨ ਵਿੱਚ ਨਿਕਲ ਤੁਰੀਆਂ ਹਨ ਤੇ ਉਨ੍ਹਾਂ ਕੋਲ ਆਮ ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਠੱਗਣ ਲਈ ਹਰ ਹੱਥਕੰਡਾ ਹੈ। ਸਮਝਣ ਦੀ ਲੋੜ ਹੈ, ਪਰ ਪੰਜਾਬ ਦੇ ਲੋਕਾਂ ਨੂੰ ਏਦਾਂ ਦੀਆਂ ਮੋਮੋਠਗਣੀਆਂ ਧਾੜਾਂ ਵਿੱਚੋਂ ਆਪਣਾ ਦੁਸ਼ਮਣ ਪਛਾਨਣ ਦੀ ਜਿਹੜੀ ਸੂਝ ਚਾਹੀਦੀ ਹੈ, ਉਹ ਪਿਛਲੇ ਵਕਤਾਂ ਵਿੱਚ ਕਦੀ ਨਜ਼ਰ ਨਹੀਂ ਪਈ ਤੇ ਅੱਗੋਂ ਦਾ ਵੀ ਪਤਾ ਨਹੀਂ। ਇਸ ਕਰ ਕੇ ਬਹੁਤ ਸਾਰੇ ਬੁੱਧੀਵਾਨਾਂ ਨਾਲ ਗੱਲਬਾਤ ਦੇ ਦੌਰਾਨ ਏਥੇ ਆ ਕੇ ਗੱਲ ਮੁੱਕ ਜਾਂਦੀ ਰਹੀ ਹੈ ਕਿ ਹੋਣਾ ਬਹੁਤ ਕੁਝ ਚਾਹੀਦਾ ਹੈ, ਵਿਚਾਰ ਵੀ ਬਹੁਤ ਹਨ, ਪਰ ਰਾਜਨੀਤੀ ਦੇ ਰਥਵਾਨਾਂ ਨੇ ਲੋਕਾਂ ਨੂੰ ਸੋਚਣ ਜੋਗੇ ਹੀ ਨਹੀਂ ਛੱਡਿਆ। ਇਹੀ ਕਾਰਨ ਹੈ ਕਿ ਇਸ ਵਕਤ ਏਥੇ ਬੁੱਧੀਜੀਵੀ ਬਹੁਤ ਹਨ, ਜਿਹੜੇ ਬੁੱਧੀ ਨੂੰ ਜੀਵਿਕਾ ਕਮਾਉਣ ਦਾ ਵਸੀਲਾ ਮੰਨਦੇ ਹਨ, ਬੁੱਧੀਵਾਨੀ ਨੂੰ ਲੋਕਾਂ ਲਈ ਵਰਤਣ ਵਾਲੇ ਬਹੁਤ ਥੋੜ੍ਹੇ ਹਨ ਅਤੇ ਇਹ ਸੋਚ ਵਾਰ-ਵਾਰ ਉੱਠਦੀ ਹੈ ਕਿ ਜਿੱਤ ਕੇ ਲੜਾਈਆਂ ਹਾਰਨ ਗਿੱਝਾ ਹੋਇਆ ਪੰਜਾਬ ਇਸ ਵਾਰ ਕੀ ਕਰੇਗਾ!

# ਕ੍ਰਾਂਤੀਕਾਰੀ ਯੋਧਾ ਸਨ ਨੇਤਾਜੀ ਸੁਭਾਸ਼ ਚੰਦਰ ਬੋਸ



ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ, ਬਠਿੰਡਾ

ਨੇਤਾ ਜੀ ਸੁਭਾਸ਼ ਚੰਦਰ ਬੋਸ ਭਾਰਤ ਦੇ ਆਜਾਦੀ ਅੰਦੋਲਣ ਦੇ ਪ੍ਰਮੁੱਖ ਨੇਤਾ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਜੈ ਹਿੰਦ ਦਾ ਨਾਅਰਾ ਭਾਰਤ ਦਾ ਰਾਸ਼ਟਰੀ ਨਾਅਰਾ ਬਣ ਗਿਆ। ਤੁਸੀਂ ਮੈਨੂੰ ਖੂਨ ਦਿਓ ,ਮੈਂ ਤੁਹਾਨੂੰ ਆਜਾਦੀ ਦਿਆਂਗਾ,ਉਨ੍ਹਾਂ ਦਾ ਇਹ ਨਾਅਰਾ ਵੀ ਉਸ ਸਮੇਂ ਬਹੁਤ ਜਿਆਦਾ ਪ੍ਰਸਾਰਣ 'ਚ ਆਇਆ।ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅੰਗੇਜਾਂ ਦੇ ਖਿਲਾਫ ਲੜਨ ਦੇ ਲਈ ਉਨ੍ਹਾਂ ਨੇ ਜਪਾਨ ਦੇ ਸਹਿਯੋਗ ਦੇ ਨਾਲ ਆਜਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ ਸੀ।

ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉਡੀਸ਼ਾ ਦੇ ਕਟਕ 'ਚ ਇਕ ਬੰਗਾਲੀ ਪਰਿਵਾਰ 'ਚ ਹੋਇਆ ਸੀ।ਬੋਸ ਦੇ ਪਿਤਾ ਦਾ ਨਾਂਅ ਜਾਨਕੀਨਾਥ ਬੋਸ ਅਤੇ ਮਾਤਾ ਦਾ ਨਾਂਅ ਪ੍ਰਭਾਵਤੀ ਸੀ।ਜਾਨਕੀਨਾਥ ਦੀਆਂ ਕੁਲ ਮਿਲਾ ਕੇ 14 ਸੰਤਾਨਾਂ ਸਨ, ਜਿਸ 'ਚੋਂ 6 ਲੜਕੀਆਂ ਅਤੇ 8 ਪੁੱਤਰ ਸਨ। ਸੁਭਾਸ਼ ਚੰਦਰ ਉਨ੍ਹਾਂ ਦੀ ਨੌਂਵੀ ਸੰਤਾਨ ਅਤੇ ਪੰਜਵੇਂ ਪੁੱਤਰ ਸਨ।ਨੇਤਾਜੀ ਨੇ ਆਪਣੀ ਮੁੱਢਲੀ ਪੜ੍ਹਾਈ ਕਟਕ ਦੇ ਰੇਵੇਂਸ਼ਾਵ ਕਾਲਜੀਏਟ ਸਕੂਲ 'ਚੋਂ ਪ੍ਰਾਪਤ ਕੀਤੀ।ਉਸ ਤੋਂ ਬਾਅਦ ਉਨ੍ਹਾ ਦੀ ਪੜਾਈ ਕੋਲਕਾਤਾ ਦੇ ਪ੍ਰੈਜੀਡੈਂਸੀ ਕਾਲਜ ਅਤੇ ਸਕੌਟਿਸ਼ ਚਰਚ ਕਾਲਜ 'ਚੋਂ ਹੋਈ।ਉਸ ਤੋਂ ਬਾਅਦ ਭਾਰਤੀ ਪ੍ਰਸ਼ਾਸਨਿਕ ਸੇਵਾ ਦੀ ਤਿਆਰੀ ਕਰਨ ਦੇ ਲਈ ਉਨ੍ਹਾਂ ਦੇ ਮਾਤਾ-ਪਿਤਾ ਨੇ ਬੋਸ ਨੂੰ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਭੇਜ ਦਿੱਤਾ।ਉਨ੍ਹਾਂ ਨੇ ਸਿਵਲ ਸਰਵਿਸ ਪ੍ਰੀਖਿਆ 'ਚ ਚੌਥੀ ਥਾਂ ਹਾਸਲ ਕੀਤੀ।1921 'ਚ ਭਾਰਤ 'ਚ ਵਧਦੀਆਂ ਰਾਜਨੀਤਿਕ ਗਤੀਵਿਧੀਆਂ ਦੀ ਖਬਰ ਮਿਲਦੇ ਹੀ ਬੋਸ ਸਿਵਲ ਸਰਵਿਸ ਛੱਡ ਕੇ ਕਾਂਗ੍ਰਸ ਦੇ ਨਾਲ ਜੁੜ ਗਏ।।1928 'ਚ ਜਦੋਂ ਸਾਈਮਨ ਕਮੀਸ਼ਨ ਭਾਰਤ ਆਇਆ ਉਦੋਂ ਕਾਂਗ੍ਰਸ ਨੇ ਉਸ ਨੂੰ ਕਾਲ ਝੰਡੇ ਦਿਖਾਏ।ਕੋਲਕਾਤਾ 'ਚ ਸੁਭਾਸ਼ ਨੇ ਇਸ ਅੰਦੋਲਣ ਦੀ ਅਗਵਾਈ ਕੀਤੀ।ਸਾਈਮਨ ਕਮੀਸ਼ਨ ਨੂੰ ਜਵਾਬ ਦੇਣ ਦੇ ਲਈ ਕਾਂਗ੍ਰਸ ਨੇ ਭਾਰਤ ਦਾ ਸੰਵਿਧਾਨ ਬਣਾਉਣ ਦਾ ਕੰਮ ਅੱਠ ਮੈਂਬਰੀ ਕਮੇਟੀ ਨੂੰ ਸੌਂਪਿਆ। ਮੋਤੀ ਲਾਲ ਨਹਿਰੂ ਇਸ ਸੰਮਤੀ ਦੇ ਸਕੱਤਰ ਅਤੇ ਸੁਭਾਸ਼ ਚੰਦਰ ਇਸ ਦੇ ਸਰਗਰਮ ਮੈਂਬਰ ਸਨ।

1928 'ਚ ਮੋਤੀਲਾਲ ਨਹਿਰੂ ਦੀ ਅਗਵਾਈ 'ਚ ਕਾਂਗ੍ਰਸ ਦੀ ਸਾਲਾਨਾ ਬੈਠਕ ਕੋਲਕਾਤਾ 'ਚ ਹੋਈ। ਇਸ ਬੈਠਕ 'ਚ ਸੁਭਾਸ਼ ਨੇ ਖਾਕੀ ਵਰਦੀ ਧਾਰਣ ਕਰਕੇ ਮੋਤੀਲਾਲ ਨਹਿਰੂ ਨੂੰ ਫੌਜੀ ਤਰੀਕੇ ਨਾਲ ਸਲਾਮੀ ਦਿੱਤੀ।

26 ਜਨਵਰੀ 1931 ਨੂੰ ਕੋਲਕ-ਾਤਾ 'ਚ ਰਾਸ਼ਟਰੀ ਝੰਡਾ ਫਹਿਰਾ ਕੇ ਸੁਭਾਸ਼ ਇਕ ਵੱਡੇ ਇਕੱਠ ਦੀ ਮੋਰਚੇ ਦੇ ਰੂਪ 'ਚ ਅਗਵਾਈ ਕਰ ਰਹੇ ਸਨ ਉਦੋਂ ਪੁਲਿਸ ਨੇ ਉਨ੍ਹਾਂ 'ਤੇ ਲਾਠੀ ਚਾਰਜ ਕੀਤਾ ਅਤੇ ਉਨ੍ਹਾਂ ਨੂੰ ਜਖਮੀ ਕਰਕੇ ਜੇਲ ਭੇਜ ਦਿੱਤਾ।

ਜਦੋਂ ਸੁਭਾਸ਼ ਜੇਲ 'ਚ ਸਨ ਉਦੋਂ ਗਾਂਧੀ ਜੀ ਨੇ ਅੰਗ੍ਰੇਜ ਸਰਕਾਰ ਨਾਲ ਸਮਝੋਤਾ ਕਰਕੇ ਸਾਰੇ ਕੈਦੀ ਰਿਹਾ ਕਰਵਾ ਦਿੱਤੇ। ਪਰ ਅੰਗ੍ਰੇਜੀ ਸਰਕਾਰ ਨੇ ਭਗਤ ਸਿੰਘ ਜਿਹੇ ਕ੍ਰਾਂਤੀਕਾਰੀਆਂ ਨੂੰ ਰਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਭਗਤ ਸਿੰਘ ਦੀ ਫਾਂਸੀ ਮਾਫ ਕਰਵਾਉਣ ਦੇ ਲਈ ਗਾਂਧੀ ਜੀ ਨੇ ਸਰਕਾਰ ਨਾਲ ਗੱਲ ਤਾਂ ਕੀਤੀ ਪਰ ਬਹੁਤ ਹੀ ਨਰਮੀ ਨਾਲ।ਸੁਭਾਸ਼ ਚਾਹੁੰਦੇ ਸਨ ਕਿ ਇਸ ਵਿਸ਼ੇ 'ਤੇ ਗਾਂਧੀਜੀ ਅੰਗ੍ਰੇਜ ਸਰਕਾਰ ਦੇ ਨਾਲ ਸਮਝੌਤਾ ਤੋੜ ਦੇਣ।ਪਰ ਗਾਂਧੀਜੀ ਆਪਣੇ ਵੱਲੋਂ ਦਿੱਤਾ ਗਿਆ ਵਚਨ ਤੋੜਨ ਲਈ ਰਾਹੀ ਨਹੀਂ ਸਨ।ਅੰਗ੍ਰੇਜ ਸਰਕਾਰ ਆਪਣੀ ਥਾਂ 'ਤੇ ਅੜੀ ਰਹੀ ਅਤੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ। ਭਗਤ ਸਿੰਘ ਨੂੰ ਨਾ ਬਚਾ ਪਾਉਣ 'ਤੇ ਸੁਭਾਸ਼ ਗਾਂਧੀ ਅਤੇ ਕਾਂਗ੍ਰਸ ਦੇ ਤੌਰ -ਤਰੀਕਿਆਂ 'ਤੇ ਬਹੁਤ ਨਰਾਜ ਹੋ ਗਏ।

1930 'ਚ ਸੁਭਾਸ਼ ਜੇਲ 'ਚ ਬੰਦ ਹੀ ਸਨ ਕਿ ਚੋਣਾਂ 'ਚ ਉਨ੍ਹਾਂ ਨੂੰ ਕਾਂਗ੍ਰਸ ਦਾ ਮੇਅਰ ਬਣਾਇਆ ਗਿਆ। 1932 'ਚ ਸੁਭਾਸ਼ ਨੂੰ ਫਿਰ ਜੇਲ ਹੋ ਗਈ। ਇਸ ਵਾਰ ਉਨ੍ਹਾਂ ਨੂੰ ਅਲਮੋੜਾ ਜੇਲ 'ਚ ਰੱਖਿਆ ਗਿਆ। ਅਲਮੋੜਾ ਜੇਲ 'ਚ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। ਡਾਕਟਰਾਂ ਦੀ ਸਲਾਹ 'ਤੇ ਸੁਭਾਸ਼ ਇਲਾਜ ਦੇ ਲਈ ਯੂਰੋਪ ਜਾਣ ਨੂੰ ਰਾਜੀ ਹੋ ਗਏ। ਸਨ, 1933 ਤੋਂ 1936 ਤੱਕ ਸੁਭਾਸ਼ ਯੂਰੋਪ 'ਚ ਰਹੇ। ਯੂਰੋਪ 'ਚ ਸੁਭਾਸ਼ ਨੇ ਆਪਣੀ ਸਿਹਤ ਦਾ ਖਿਆਲ ਰੱਖਦੇ ਹੋਏ ਆਪਣਾ ਕੰਮ ਵੀ ਨਾਲ-ਨਾਲ ਜਾਰੀ ਰੱਖਿਆ।

ਉਥੇ ਉਹ ਇਟਲੀ ਦੇ ਨੇਤਾ ਮੂਸੋਲਿਨੀ ਨਾਲ ਮਿਲੇ, ਜਿਨਾਂ ਨੇ ਉਨ੍ਹਾਂ ਨੂੰ ਭਾਰਤ ਦੇ ਆਜਾਦੀ ਅੰਦੋਲਣ 'ਚ ਮਦਦ ਕਰਨ ਦਾ ਵਚਨ ਦਿੱਤਾ। 1934 'ਚ ਸੁਭਾਸ਼ ਨੂੰ ਉਨ੍ਹਾਂ ਦੇ ਪਿਤਾ ਦੇ ਬਿਮਾਰ ਹੋਣ ਕਾਰਨ ਅੰਤਿਮ ਸਾਹਾਂ 'ਤੇ ਹੋਣ ਦੀ ਖਬਰ ਮਿਲੀ। ਖਬਰ ਸੁਣਦੇ ਹੀ ਉਹ ਹਵਾਈ ਜਹਾਜ 'ਤੋਂ ਕਰਾਚੀ ਹੁੰਦੇ ਹੋਏ ਕੋਲਕਾਤਾ ਪੁੱਜੇ। ਹਾਲਾਂਕਿ ਉਨ੍ਹਾਂ ਨੂੰ ਕਰਾਚੀ ਪੰਹੁਚਣ 'ਤੇ ਹੀ ਪਤਾ ਚੱਲ ਗਿਆ ਸੀ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਪਰ ਫਿਰ ਵੀ ਉਹ ਕੋਲਕਾਤਾ ਗਏ। ਕੋਲਕਾਤਾ ਪਹੁੰਚਦੇ ਹੀ ਅੰਗ੍ਰੇਜ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਈ ਦਿਨ ਜੇਲ 'ਚ ਰੱਖ ਕੇ ਵਾਪਸ ਯੂਰੋਪ ਭੇਜ ਦਿੱਤਾ।

ਸਾਰਵਜਨਿਕ ਜਿੰਦਗੀ 'ਚ ਸੁਭਾਸ਼ ਨੂੰ ਕਈ ਵਾਰ ਜੇਲ ਜਾਣਾ ਪਿਆ। 1938 'ਚ ਕਾਂਗ੍ਰਸ ਦੀ ਸਾਲਾਨਾ ਬੈਠਕ ਹਰੀਪੁਰਾ 'ਚ ਹੋਣੀ ਤੈਅ ਹੋਈ।ਇਸ ਬੈਠਕ ਤੋਂ ਪਹਿਲਾਂ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਅਹੁਦੇ ਦੇ ਲਈ ਸੁਭਾਸ਼ ਨੂੰ ਚੁਣਿਆ। ਇਸ ਬੈਠਕ 'ਚ ਸੁਭਾਸ਼ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਸੀ। ਕਿਸੇ ਵੀ ਭਾਰਤੀ ਰਾਜਨੀਤਿਕ ਵਿਅਕਤੀ ਨੇ ਸ਼ਇਦ ਹੀ ਐਨਾ ਪ੍ਰਭਾਵਸ਼ਾਲੀ ਭਾਸ਼ਣ ਕਦੇ ਦਿੱਤਾ ਹੋਵੇ।



ਸੁਭਾਸ਼ ਨੇ ਬੰਗਲੌਰ 'ਚ ਮਸ਼ਹੂਰ ਵਿਗਿਆਨਕ ਸਰ ਵਿਸ਼ਵੇਸ਼ਵਰ ਰਾਏ ਦੀ ਅਗਵਾਈ 'ਚ ਇਕ ਵਿਗਿਆਨ ਪ੍ਰੀਸ਼ਦ ਦੀ ਸਥਾਪਨਾ ਵੀ ਕੀਤੀ। 1938, 'ਚ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਦੇ ਅਹੁਦੇ ਲਈ ਸੁਭਾਸ਼ ਦੀ ਚੋਣ ਤਾਂ ਕੀਤੀ ਸੀ ਪਰ ਉਨ੍ਹਾਂ ਨੂੰ ਸੁਭਾਸ਼ ਦੀ ਕਾਰਜਸ਼ੈਲੀ ਪਸੰਦ ਨਹੀਂ ਆਈ। ਇਸੇ ਦੌਰਾਨ ਯੂਰੋਪ 'ਚ ਦੂਜੇ ਵਿਸ਼ਵ ਯੁੱਧ ਦੇ ਬੱਦਲ ਛਾ ਗਏ ਸਨ। ਸੁਭਾਸ਼ ਚਾਹੁੰਦੇ ਸਨ ਕਿ ਇੰਗਲੈਂਡ ਦੀ ਇਸ ਮੁਸ਼ਕਿਲ ਦਾ ਫਾਇਦਾ ਚੁੱਕ ਕੇ ਭਾਰਤ ਦੇ ਆਜਾਦੀ ਸੰਗ੍ਰਾਮ ਨੂੰ ਤੇਜ਼ ਕੀਤਾ ਜਾਵੇ। ਉਨ੍ਹਾਂ ਨੇ ਆਪਣੇ ਸਕੱਤਰ ਅਹੁਦੇ ਦੇ ਕਾਰਜਕਾਲ 'ਚ ਇਸ ਵੱਲ ਕਦਮ ਚੱਕਣੇ ਹੋਰ ਤੇਜ ਕਰ ਦਿੱਤੇ ਸਨ ਪਰ ਗਾਂਧੀ ਜੀ ਇਸ ਨਾਲ ਸਹਿਮਤ ਨਹੀਂ ਸਨ। 1939 'ਚ ਜਦੋਂ ਨਵਾਂ ਕਾਂਗ੍ਰਸ ਸਕੱਤਰ ਚੁਣਨ ਦਾ ਸਮਾਂ ਆਇਆ ਉਦੋਂ ਸੁਭਾਸ਼ ਚਾਹੁੰਦੇ ਸਨ ਕਿ ਕੋਈ ਅਜਿਹਾ ਵਿਅਕਤੀ ਸਕੱਤਰ ਬਣਾਇਆ ਜਾਵੇ ਜੋ ਇਸ ਮਾਮਲੇ 'ਚ ਕਿਸੇ ਦਬਾਅ ਅੱਗੇ ਬਿਲਕੁਲ ਨਾ ਝੁਕੇ।ਅਜਿਹੇ ਕਿਸੇ ਹੋਰ ਵਿਅਕਤੀ ਦੇ ਸਾਹਮਣੇ ਨ ਆਉਣ ਕਾਰਨ ਸੁਭਾਸ਼ ਖੁਦ ਹੀ ਕਾਂਗ੍ਰਸ ਸਕੱਤਰ ਅਹੁਦੇ 'ਤੇ ਬਣੇ ਰਹੇ।

ਪਰ ਗਾਂਧੀ ਜੀ ਉਨ੍ਹਾਂ ਨੂੰ ਸਕੱਤਰ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੇ ਸਨ।ਗਾਂਧੀ ਜੀ ਨੇ ਸਕੱਤਰ ਅਹੁਦੇ ਦੇ ਲਈ ਪੱਟਾਭਈ ਸੀਤਾਰਮਈਯਾ ਨੂੰ ਚੁਣਿਆ।ਕਈ ਸਾਲਾਂ ਬਾਅਦ ਕਾਂਗ੍ਰਸ ਪਾਰਟੀ ਦੇ ਸਕੱਤਰ ਦੇ ਅਹੁਦੇ ਲਈ ਚੋਣਾ ਹੋਈਆਂ। ਚੋਣਾਂ 'ਚ ਨੇਤਾਜੀ ਸੁਭਾਸ਼ ਨੂੰ 1580 ਅਦੇ ਸੀਤਾਰਮਈਯਾ ਨੂੰ 1377 ਵੋਟਾਂ ਮਿਲੀਆਂ।ਗਾਂਧੀਜੀ ਦੇ ਵਿਰੋਧ ਦੇ ਬਾਵਜੂਦ ਸੁਭਾਸ਼ ਬਾਬੂ 203 ਵੋਟਾਂ ਨਾਲ ਚੋਣ ਜਿੱਤ ਗਏ। ਗਾਂਧੀਜੀ ਨੇ ਸੀਤਾਰਮਈਯਾ ਦੀ ਹਾਰ ਨੂੰ ਆਪਣੀ ਹਾਰ ਦੱਸੇ ਕੇ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਜੇਕਰ ਉਹ ਸੁਭਾਸ਼ ਦੇ ਤਰੀਕਿਆਂ ਨਾਲ ਸਹਿਮਤ ਨਹੀਂ ਹਨ ਤਾਂ ਉਹ ਕਾਂਗ੍ਰਸ ਤੋਂ ਹੱਟ ਸਕਦੇ ਹਨ। ਇਸ ਤੋਂ ਬਾਅਦ ਕਾਂਗ੍ਰਸ ਦੀ ਕਾਰਜਕਾਰੀ ਸੰਮਤੀ ਦੇ 14 'ਚੋਂ 12 ਮੈਂਬਰਾਂ ਨੇ ਇਸਤੀਫਾ ਦੇ ਦਿੱਤਾ। ਜਵਾਹਰਲਾਲ ਨਹਿਰੂ ਜਿਉਂ ਦੀ ਤਿਉਂ ਡਟੇ ਰਹੇ ਅਤੇ ਇਕੱਲੇ ਹੀ ਸੁਭਾਸ਼ ਦੇ ਨਾਲ ਰਹੇ।

3 ਮਈ 1939 ਨੂੰ ਸੁਭਾਸ਼ ਨੇ ਕਾਂਗ੍ਰਸ ਦੇ ਅੰਦਰ ਹੀ ਫਾਰਵਰਡ ਬਲੋਕ ਦੇ ਨਾਂਅ 'ਤੇ ਆਪਣੀ ਪਾਰਟੀ ਦੀ ਸਥਾਪਨਾ ਕੀਤੀ ।ਬਾਅਦ 'ਚ ਫਾਰਵਰਡ ਬਲੋਕ ਆਪਣੇ ਆਪ ਇਕ ਆਜਾਦ ਪਾਰਟੀ ਬਣ ਗਈ। ਦੂਜਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਫਾਰਵਰਡ ਬਲੋਕ ਨੇ ਆਜਾਦੀ ਦੀ ਲੜਾਈ ਨੂੰ ਹੋਰ ਤੇਜ ਕਰਨ ਲਈ ਜਨ ਜਾਗ੍ਰਤੀ ਸ਼ੁਰੂ ਕਰ ਦਿੱਤੀ।

ਸੁਭਾਸ਼ ਚੰਦਰ ਬੋਸ ਨੇ 1936 'ਚ ਸੈਕਟਰੀ ਅਤੇ ਆਸਟ੍ਰੀਅਨ ਲੜਕੀ ਏਮਿਲੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦੋਨਾਂ ਦੀ ਅਨੀਤਾ ਨਾਂਅ ਦੀ ਇਕ ਬੇਟੀ ਵੀ ਹੋਈ ਜੋ ਇਸ ਸਮੇਂ ਜਰਮਨੀ 'ਚ ਪਰਿਵਾਰ ਸਮੇਤ ਰਹਿ ਰਹੀ ਹੈ। ਨੇਤਾਜੀ ਹਿਟਲਰ ਨਾਲ ਵੀ ਮਿਲੇ।1943 'ਚ ਉਨਾਂ ਨੇ ਜਰਮਨੀ ਦਾ ਦੌਰਾ ਕੀਤਾ। ਉਥੋਂ ਅੱਗੇ ਉਹ ਜਪਾਨ ਪਹੁੰਚੇ।ਜਪਾਨ ਤੋਂ ਨੇਤਾਜੀ ਸਿੰਗਾਪੁਰ ਪਹੁੰਚੇ। ਜਿਥੇ ਉਨ੍ਹਾਂ ਨੇ ਕੈਪਟਨ ਮੋਹਨ ਸਿੰਘ ਵੱਲੋਂ ਸਥਾਪਤ ਆਜਾਦ ਹਿੰਦ ਫੌਜ ਦੀ ਕਮਾਨ ਆਪਣੇ ਹੱਥ 'ਚ ਲੈ ਲਈ। ਉਸ ਵਕਤ ਰਾਮ ਬਿਹਾਰੀ ਬੋਸ ਆਜਾਦ ਹਿੰਦ ਦੇ ਨੇਤਾ ਸਨ। ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਪੁਨਰਗਠਨ ਕੀਤਾ।ਮਹਿਲਾਵਾਂ ਦੇ ਲਈ ਰਾਨੀ ਝਾਂਸੀ ਰੈਜੀਮੇਂਟ ਦਾ ਵੀ ਗਠਨ ਕੀਤਾ ਗਿਆ, ਲਕਸ਼ਮੀ ਸਹਿਗਲ ਜਿਸਦੀ ਕਪਤਾਨ ਬਣੀ।

ਨੇਤਾ ਜੀ ਦੇ ਨਾਂਅ ਨਾਲ ਪ੍ਰਸਿੱਧ ਸੁਭਾਸ਼ ਚੰਦਰ ਨੇ ਸ਼ਕਤੀਸ਼ਾਲੀ ਕ੍ਰਾਂਤੀ ਨਾਲ ਭਾਰਤ ਨੂੰ ਆਜਾਦ ਕਰਵਾਉਣ ਦੇ ਮਕਸਦ ਨਾਲ ਅਕਤੂਬਰ,1943 ਨੂੰ ਆਜਾਦ ਹਿੰਦ ਫੌਜ ਦੀ ਸਥਾਪਨਾ ਕੀਤੀ ਜਿਸ ਨੂੰ ਜਰਮਨੀ ,ਜਪਾਨ,ਫਿਲਪੀਨਜ਼,ਕੋਰੀਆ,ਚੀਨ ,ਇਟਲੀ ਅਤੇ ਆਇਰਲੈਂਡ ਨੇ ਮਾਨਤਾ ਦਿੱਤੀ।ਜਪਾਨ ਨੇ ਅੰਡਮਾਨ ਅਤੇ ਨਿਕੋਬਾਰ ਦੀਪ ਇਸ ਅਸਥਾਈ ਸਰਕਾਰ ਨੂੰ ਦੇ ਦਿੱਤੇ ।ਸੁਭਾਸ਼ ਉਨ੍ਹਾਂ ਦੀਪਾਂ 'ਚ ਗਏ ਅਤੇ ਉਨ੍ਹਾਂ ਦਾ ਨਵਾਂ ਨਾਮਕਰਨ ਕੀਤਾ। ਆਜਾਦ ਹਿੰਦ ਫੌਜ ਦੇ ਪ੍ਰਤੀਕ ਚਿੰਨ੍ਹ 'ਤੇ ਇਕ ਝੰਡੇ 'ਤੇ ਦਹਾੜਦੇ ਹੋਏ ਬਾਘ ਦਾ ਚਿੱਤਰ ਬਣਿਆ ਹੁੰਦਾ ਸੀ। ਨੇਤਾਜੀ ਆਜਾਦ ਹਿੰਦ ਫੌਜ ਦੇ ਨਾਲ 4 ਜੁਲਾਈ 1944 ਨੂੰ ਬਰਮਾ ਪਹੁੰਚੇ। ਇਥੇ ਉਨ੍ਹਾਂ ਨੇ ਆਪਣਾ ਪ੍ਰਸਿੱਧ ਨਾਅਰਾ "ਤੁਸੀਂ ਮੈਨੂੰ ਖੂਨ ਦਿਓ ,ਮੇਂ ਤੁਹਾਨੂੰ ਆਜਾਦੀ ਦੇਆਂਗਾ " ਦਿੱਤਾ। ਖੂਨ ਦੀਆਂ ਇਕ ਜਾਂ ਦੋ ਬੂੰਦਾ ਨਹੀਂ ਐਨਾ ਕਿ ਖੂਨ ਦਾ ਇਕ ਮਹਾਂਸਾਗਰ ਤਿਆਰ ਹੋ ਜਾਵੇ ਅਤੇ ਉਸ 'ਚ ਅੰਗੇਜੀ ਹਕੂਮਤ ਨੂੰ ਡੁਬੋ ਦਿੱਤਾ ਜਾਵੇ। 1944 ਨੂੰ ਆਜਾਦ ਹਿੰਦ ਫੌਜ ਨੇ ਅੰਗ੍ਰੇਜਾਂ 'ਤੇ ਦੁਬਾਰਾ ਹਮਲਾ ਕੀਤਾ ਅਤੇ ਕੁਝ ਭਾਰਤੀ ਪ੍ਰਦੇਸ਼ਾਂ ਨੂੰ ਅੰਗ੍ਰੇਜਾਂ ਤੋਂ ਵੀ ਮੁਕਤ ਕਰਵਾ ਲਿਆ।

ਦੂਜੇ ਵਿਸ਼ਵ ਯੁੱਧ ਦੇ ਦੌਰਾਨ ਆਜਾਦ ਹਿੰਦ ਫੌਜ ਨੇ ਜਪਾਨੀ ਫੌਜ ਦੀ ਮਦਦ ਨਾਲ ਭਾਰਤ 'ਤੇ ਹਮਲਾ ਕੀਤਾ ।ਆਪਣੀ ਫੌਜ ਨੂੰ ਪ੍ਰੇਰਿਤ ਕਰਨ ਦੇ ਲਈ ਨੇਤਾਜੀ ਨੇ ਦਿੱਲੀ ਚਲੋ ਦਾ ਨਾਅਰਾ ਦਿੱਤਾ। ਦੋਹਾਂ ਫੌਜਾਂ ਨੇ ਅੰਗੇਜਾਂ ਤੋਂ ਅੰਡਮਾਨ ਅਤੇ ਨਿਕੋਬਾਰ ਦ੍ਵੀਪ ਜਿੱਤ ਲਏ।ਇਹ ਦ੍ਵੀਪ ਆਰਜੀ ਆਜਾਦ ਹਿੰਦ ਸਰਕਾਰ ਦੇ ਅਧੀਨ ਸਨ। ਨੇਤਾਜੀ ਨੇ ਇਨ੍ਹਾਂ ਦ੍ਵੀਪਾਂ ਨੂੰ ਸ਼ਹੀਦ ਦ੍ਵੀਪ ਅਤੇ ਸਵਰਾਜ ਦ੍ਵੀਪ ਦਾ ਨਾਂਅ ਦਿੱਤਾ। ਦੋਹਾਂ ਫੌਜਾਂ ਨੇ ਮਿਲ ਕੇ ਇੰਫਾਲ ਅਤੇ ਕੋਹਿਮਾਂ 'ਤੇ ਹਮਲਾ ਕੀਤਾ।ਪਰ ਬਾਅਦ 'ਚ ਅੰਗ੍ਰੇਜਾਂ ਦਾ ਪਾਸਾ ਭਾਰੀ ਪਿਆ ਅਤੇ ਦੋਹਾਂ ਫੌਜਾਂ ਨੂੰ ਪਿੱਛੇ ਹਟਣਾ ਪਿਆ।

6, ਜੁਲਾਈ 1944 ਨੂੰ ਆਜਾਦ ਹਿੰਦ ਰੇਡੀਓ 'ਤੇ ਆਪਣੇ ਭਾਸ਼ਣ ਰਾਹੀਂ ਗਾਂਧੀ ਜੀ ਨੂੰ ਸੰਬੋਧਨ ਕਰਦੇ ਹੋਏ ਨੇਤਾਜੀ ਨੇ ਜਪਾਨ ਤੋਂ ਮਦਦ ਲੈਣ ਦਾ ਆਪਣਾ ਕਾਰਨ ਅਤੇ ਆਜਾਦ ਹਿੰਦ ਫੌਜ ਦੀ ਸਥਾਪਨਾ ਦੇ ਉਦੇਸ਼ ਬਾਰੇ ਦੱਸਿਆ।ਇਸ ਭਾਸ਼ਣ ਰਾਹੀਂ ਨੇਤਾਜੀ ਨੇ ਗਾਂਧੀ ਜੀ ਨੂੰ ਪਹਿਲੀ ਵਾਰ ਰਾਸ਼ਟਰਪਿਤਾ ਬੁਲਾ ਕੇ ਆਪਣੀ ਜੰਗ ਦੇ ਲਈ ਉਨ੍ਹਾਂ ਤੋਂ ਆਸ਼ੀਰਵਾਦ ਵੀ ਮੰਗਿਆ। ਆਜਾਦ ਹਿੰਦ ਫੌਜ ਦੇ ਮਾਧਿਅਮ ਰਾਹੀਂ ਭਾਰਤ ਨੂੰ ਅੰਗੇਜਾਂ ਦੇ ਚੁੰਗਲ 'ਚੋਂ ਆਜਾਦ ਕਰਨ ਦੀ ਨੇਤਾ ਜੀ ਦੀ ਕੋਸ਼ਿਸ਼ ਪ੍ਰਤੱਖ ਰੂਪ 'ਚ ਸਫਲ ਨਹੀਂ ਹੋ ਸਕੀ ਪਰ ਬਾਅਦ 'ਚ ਉਸਦਾ ਕਾਫੀ ਸਾਰਥਕ ਅਸਰ ਹੋਇਆ।

ਸਨ, 1946 'ਚ ਹੋਇਆ ਨੌਸੇਨਾ ਵਿਦਰੋਹ ਇਸਦੀ ਉਦਾਹਰਣ ਹੈ। ਨੌਸੈਨਾ ਵਿਦਰੋਹ ਤੋਂ ਬਾਅਦ ਹੀ ਬ੍ਰਿਟੇਨ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਭਾਰਤ 'ਤੇ ਜਬਰ ਨਾਲ ਸ਼ਾਸਨ ਨਹੀਂ ਕੀਤਾ ਜਾ ਸਕਦਾ ਅਤੇ ਭਾਰਤ ਨੂੰ ਆਜਾਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਕੋਲ ਕੋਈ ਚਾਰਾ ਨਹੀਂ ਬਚਿਆ।

ਵਿਸ਼ਵ ਇਤਹਾਸ 'ਚ ਆਜਾਦ ਹਿੰਦ ਫੌਜ ਜਿਹੀ ਕੋਈ ਦੂਜੀ ਉਦਾਹਰਣ ਨਹੀਂ ਮਿਲਦੀ ਜਿੱਥੇ 30-35 ਹਜਾਰ ਜੰਗੀ ਯੋਧਿਆ ਨੂੰ ਸੰਗਠਤ ਕਰਕੇ, ਸਿਖਲਾਈ ਦੇ ਕੇ ਹਰਾਇਆ ਗਿਆ।ਪੂਰਵੀ ਏਸ਼ੀਆ ਅਤੇ ਜਪਾਨ ਪਹੁੰਚ ਕੇ ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਵਿਸਤਾਰ ਕਰਨਾ ਸ਼ੂਰੂ ਕਰ ਦਿੱਤਾ। ਰੰਗੂਨ ਦੇ ਜੁਬਲੀ ਹਾਲ 'ਚ ਸੁਭਾਸ਼ ਚੰਦਰ ਬੋਸ ਵੱਲੋਂ ਦਿੱਤਾ ਗਿਆ ਭਾਸ਼ਣ ਹਮੇਸ਼ਾ ਲਈ ਇਤਹਾਸ ਦੇ ਪੰਨਿਆਂ 'ਚ ਦਰਜ ਹੋ ਗਿਆ।

ਨੇਤਾ ਜੀ ਦੀ ਮੌਤ ਬਾਰੇ ਵਿਵਾਦ ਬਣਿਆ ਹੋਇਆ ਹੈ ਕਿ 18 ਅਗਸਤ 1945 ਤੋਂ ਬਾਅਦ ਦਾ ਸੁਭਾਸ਼ ਚੰਦਰ ਬੋਸ ਦਾ ਜੀਵਨ/ਮੌਤ ਅੱਜ ਤੱਕ ਅਣਸੁਲਝਿਆ ਰਹੱਸ ਬਣਿਆ ਹੋਇਆ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਆਖਰੀ ਸਮੇਂ ਨੂੰ ਲੈਕੇ ਭੇਦ ਅੱਜ ਤੱਕ ਬਰਕਰਾਰ ਹੈ। ਮੰਨਿਆ ਜਾਂਦਾ ਹੈ ਕਿ ਹਵਾਈ ਹਾਦਸੇ 'ਚ ਉਨ੍ਹਾਂ ਦੀ ਮੌਤ ਹੋ ਗਈ, ਪਰ ਸੁਭਾਸ਼ ਦੇ ਬਹੁਤ ਸਾਰੇ ਪ੍ਰਸ਼ੰਸਕ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਹਨ।

## ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਭਗਵੰਤ ਸਮਾਉਂ ਨੇ ਮੋਰਚੇ ਦੀ ਟਿਕਟ ਮੋੜੀ

* ਸੀ ਪੀ ਐੱਮ ਐੱਲ ਲਿਬਰੇਸ਼ਨ ਵੱਲੋਂ ਚੋਣ ਲੜਨਗੇ



ਮਾਨਸਾ, 23 ਜਨਵਰੀ (ਪੋਸਟ ਬਿਊਰੋ)- ਸੰਯੁਕਤ ਸਮਾਜ ਮੋਰਚੇ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਭਦੌੜ (ਰਿਜ਼ਰਵ) ਤੋਂ ਉਮੀਦਵਾਰ ਐਲਾਨੇ ਗਏ ਕਾਮਰੇਡ ਭਗਵੰਤ ਸਿੰਘ ਸਮਾਉਂ ਨੇ ਕੱਲ੍ਹ ਟਿਕਟ ਮੋੜ ਦਿੱਤੀ ਹੈ। ਉਨ੍ਹਾਂ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਵੱਲੋਂ ਉਸੇ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਅਤੇ ਲਿਬਰੇਸ਼ਨ ਪਾਰਟੀ ਦੇ ਸੂਬਾ ਸੈਕਟਰੀਏਟ ਦੇ ਮੈਂਬਰ ਕਾਮਰੇਡ ਭਗਵੰਤ ਸਿੰਘ ਸਮਾਉਂਨੇ ਕਿਹਾ ਹੈ ਕਿ ਸੰਯੁਕਤ ਸਮਾਜ ਮੋਰਚਾ ਸਿਰਫ਼ ਮੋਰਚਾ ਨਹੀਂ ਰਿਹਾ, ਇਹ ਵੱਡੇ ਧਨਾਢ ਕਿਸਾਨਾਂ ਦੀ ਸਿਆਸੀ ਪਾਰਟੀ ਬਣ ਗਿਆ ਹੈ ਤੇ ਉਹ ਕੌਮੀ ਪੱਧਰ ਦੀ ਇਨਕਲਾਬੀ ਕਮਿਊਨਿਸਟ ਪਾਰਟੀ ਸੀ ਪੀ ਆਈ (ਐਮ ਐਲ) ਲਿਬਰੇਸ਼ਨ, ਜੋ ਬਿਹਾਰ ਵਿੱਚ ਮਾਨਤਾ ਪ੍ਰਾਪਤ ਸੂਬਾ ਪੱਧਰੀ ਪਾਰਟੀ ਹੈ, ਦੇ ਸਰਗਰਮ ਮੈਂਬਰ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਦੀ ਸ਼ਰਤ ਹੈ ਕਿ ਆਪਣੀ ਪਾਰਟੀ ਦਾ ਝੰਡਾ ਨਿਸ਼ਾਨ ਛੱਡ ਕੇ ਉਨ੍ਹਾਂ ਦੇ ਚੋਣ ਨਿਸ਼ਾਨ ਉੱਤੇ ਚੋਣ ਲੜਨੀ ਹੈ, ਇਸ ਲਈ ਉਨ੍ਹਾਂ ਫ਼ੈਸਲਾ ਕੀਤਾ ਕਿ ਆਪਣੇ ਸਿਧਾਂਤ ਉੱਤੇ ਕਾਇਮ ਰਹਿ ਕੇਮਜ਼ਦੂਰ ਕਿਸਾਨਾਂ ਦੇ ਹੱਕ ਵਿੱਚ ਲੜੇ ਸੰਘਰਸ਼ ਵਾਂਗ ਸਿਆਸੀ ਮੈਦਾਨ ਵਿੱਚ ਵੀ ਆਪਣੇ ਪਾਰਟੀ ਦੇ ਝੰਡੇ ਹੇਠ ਚੋਣ ਜੰਗ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਆਪਣੇ ਅਸੂਲਾਂ ਤੋਂ ਪਾਸੇ ਹਟ ਕੇ ਟਿਕਟਾਂ ਦੀ ਜੋ ਵੰਡ ਕਰ ਰਿਹਾ ਹੈ, ਇਹ ਠੀਕ ਨਹੀਂ ਹੈ।

## ਬਟਨ ਦਬਾਉਂਦੇ ਸਾਰ ਉਮੀਦਵਾਰ ਦਾ ਅਪਰਾਧਕ ਰਿਕਾਰਡ ਪਤਾ ਲੱਗ ਜਾਇਆ ਕਰੇਗਾ

* ਭਾਰਤੀ ਚੋਣ ਕਮਿਸ਼ਨ ਵੱਲੋਂ 'ਨੋਅ ਯੂਅਰ ਕੈਂਡੀਡੇਟ' ਐਪ ਸ਼ੁਰੂ

ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਰਾਜਨੀਤਕ ਪਾਰਟੀਆਂ ਲਈ ਭਵਿੱਖ ਵਿੱਚ ਅਪਰਾਧੀ ਪਿਛੋਕੜ ਵਾਲੇ ਉਮੀਦਵਾਰ ਨੂੰ ਚੋਣ ਲੜਨ ਲਈ ਚੁਣੇ ਜਾਣ ਦਾ ਯੋਗ ਸਪੱਸ਼ਟੀਕਰਨ ਛਾਪਣਾ ਲਾਜ਼ਮੀ ਕਰਨ ਪਿੱਛੋਂ ਕੇਂਦਰੀ ਚੋਣ ਕਮਿਸ਼ਨ (ਈ ਸੀ ਆਈ) ਨੇ ਵੋਟਰਾਂ ਲਈ ਹਰ ਉਮੀਦਵਾਰ ਦੇ ਵੇਰਵੇ ਅਤੇ ਅਪਰਾਧਕ ਪਿਛੋਕੜ ਬਾਰੇ ਜਾਨਣ ਲਈ ਮੋਬਾਈਲ ਐਪਲੀਕੇਸ਼ਨ 'ਨੋਅ ਯੂਅਰ ਕੈਂਡੀਡੇਟ' ਲਾਂਚ ਕੀਤੀ ਹੈ।

ਪੰਜਾਬ ਦੇ ਮੁੱਖ ਚੋਣ ਅਫਸਰ (ਸੀ ਈ ਓ) ਡਾ. ਐਸ ਕਰੁਣਾ ਰਾਜੂ ਨੇ ਇਸ ਨਵੀਂ ਐਪਲੀਕੇਸ਼ਨ ਨੂੰ ਡਾਊਨਲੋਡ ਕਰਨ ਦੀ ਅਪੀਲ ਕਰਦੇ ਵਕਤਵੋਟਰਾਂ ਨੂੰਦੱਸਿਆ ਕਿ ਇਹ ਐਪ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਦੀ ਜਾਣਕਾਰੀ ਲੈਣ ਲਈ ਤਿਆਰ ਕੀਤੀ ਗਈ ਹੈ। ਇਸ ਐਪ ਨੂੰ ਗੂਗਲ ਪਲੇਅ ਸਟੋਰ ਅਤੇ ਐਪਲ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਲਿੰਕ ਕਮਿਸ਼ਨ ਦੀ ਵੈੱਬਸਾਈਟ ਉੱਤੇ ਪਾਇਆ ਹੈ। ਸਾਰੇ ਰਿਟਰਨਿੰਗ ਅਫ਼ਸਰਾਂ ਨੂੰ ਇਸ ਐਪ ਉੱਤੇ ਕੇਵਲ ਸਹੀ ਦਸਤਾਵੇਜ਼ ਅਪਲੋਡ ਕਰਨਾ ਯਕੀਨੀ ਕਰਨ ਲਈ ਨਿਰਦੇਸ਼ ਦਿੰਦੇ ਹੋਏ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਉਮੀਦਵਾਰ ਦੇ ਅਪਰਾਧੀ ਪਿਛੋਕੜ ਬਾਰੇ ਦੱਸਣ ਲਈ 'ਹਾਂ' ਜਾਂ 'ਨਹੀਂ' ਵਾਲਾ ਚੈੱਕ ਬਾਕਸ ਟਿੱਕ ਕੀਤਾ ਜਾਵੇ ਅਤੇ ਉਮੀਦਵਾਰ ਵੱਲੋਂ ਆਫਲਾਈਨ ਨਾਮਜ਼ਦਗੀ ਸਮੇਂ ਜਮ੍ਹਾਂ ਕਰਵਾਏ ਸਕੈਨਡ ਦਸਤਾਵੇਜ਼ ਅਪਲੋਡ ਕੀਤੇ ਜਾਣ।




ਇਸ ਮੌਕੇ ਮੁੱਖ ਚੋਣ ਅਫਸਰ ਡਾ: ਕਰੁਣਾ ਰਾਜੂ ਨੇ ਹਦਾਇਤ ਕੀਤੀ ਕਿ ਅਪਰਾਧਕ ਪਿਛੋਕੜ ਸਬੰਧੀ ਵੇਰਵੇ 'ਕੇਵਾਈਸੀ' (ਨੋਅ ਯੁਅਰ ਕੈਂਡੀਡੇਟ) ਐਪ ਰਾਹੀ ਜਾਰੀ ਕੀਤੇ ਵੇਰਵੇ ਨਾਲ ਮਿਲਦੇ ਹੋਣੇ ਚਾਹੀਦੇ ਹਨ। ਇੱਕ ਹੋਰ ਮਹੱਤਵਪੂਰਨ ਐਪ 'ਸੀਵਿਜਿਲ' ਬਣਾਈ ਗਈ ਹੈ, ਜਿਹੜੀ ਚੋਣਾਂ ਦੇ ਜ਼ਾਬਤੇ/ਖਰਚ ਦੀ ਉਲੰਘਣਾ ਦਾ ਅਸਲ ਸਮਾਂ, ਸਬੂਤ-ਅਧਾਰਤ ਵੇਰਵੇ ਅਤੇ ਸਬੰਧਤ ਸਥਾਨ ਦੇ ਡੈਟਾ ਸਮੇਤ ਲਾਈਵ ਫੋਟੋ/ਵੀਡੀਓ ਪੇਸ਼ ਕਰਦੀ ਹੈ। ਇਸ ਮੋਬਾਈਲ ਐਪ ਰਾਹੀਂ ਕੋਈ ਵੀ ਨਾਗਰਿਕ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਤੇ ਫਿਰ ਫਲਾਇੰਗ ਸਕੁਐਡ ਫਿਰ ਇਸ ਦੀ ਜਾਂਚ ਕਰਦੇ ਅਤੇ ਰਿਟਰਨਿੰਗ ਅਫਸਰ 100 ਮਿੰਟਾਂ ਵਿੱਚ ਫ਼ੈਸਲਾ ਲੈਂਦਾ ਹੈ। 'ਵੋਟਰ ਹੈਲਪਲਾਈਨ' ਨਾਂ ਦੀ ਇੱਕ ਹੋਰ ਐਂਡਰਾਇਡ ਅਧਾਰਤ ਮੋਬਾਈਲ ਐਪ ਲਾਂਚ ਕੀਤੀ ਗਈ ਹੈ, ਜਿਹੜੀ ਲੋਕਾਂ ਨੂੰ ਵੋਟਰ ਸੂਚੀ ਵਿੱਚ ਆਪਣੇ ਨਾਂਅ ਲੱਭਣ, ਆਨਲਾਈਨ ਫਾਰਮ ਜਮ੍ਹਾ ਕਰਾਉਣ, ਅਰਜ਼ੀ ਦੀ ਹਾਲਤ ਦਾ ਪਤਾ ਲਾਉਣ, ਸ਼ਿਕਾਇਤਾਂ ਦਾਇਰ ਕਰਨਅਤੇਕੀਤੀਆਂ ਸ਼ਿਕਾਇਤਾਂ ਦੇ ਜਵਾਬ ਮੋਬਾਈਲ ਐਪ ਉੱਤੇਹਾਸਲ ਕਰਨ ਦੇ ਨਾਲ ਬੂਥ ਲੈਵਲ ਅਫਸਰਾਂ, ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਤੇ ਜ਼ਿਲ੍ਹਾ ਚੋਣ ਅਫਸਰਾਂ ਦੇ ਸੰਪਰਕ ਵੇਰਵਿਆਂ ਨੂੰ ਜਾਨਣ ਦੀ ਸਹੂਲਤ ਦਿੰਦੀ ਹੈ।

## ਸਾਬਕਾ ਡੀ ਜੀ ਪੀ ਦੇ ਜਾਅਲੀ ਸਾਈਨ ਦਾ ਮੁੱਦਾ; ਡੀ ਜੀ ਪੀ ਦਫ਼ਤਰ ਤੋਂ ਫਾਈਲਾਂ ਵੀ ਗਾਇਬ

ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸਿਧਾਰਥ ਚਟੋਪਧਿਆਏ ਦੇ ਜਾਅਲੀ ਦਸਖਤ ਕਰਕੇ 11 ਪੁਲਸ ਅਧਿਕਾਰੀਆਂ ਦੀ ਪ੍ਰਮੋਸ਼ਨ ਦੇ ਮਾਮਲੇ ਵਿੱਚ ਡੀ ਜੀ ਪੀ ਦਫ਼ਤਰ ਤੋਂ ਕੁਝ ਫਾਈਲਾਂ ਗਾਇਬ ਹੋ ਗਈਆਂ ਹਨ। ਗਾਇਬ ਹੋਈਆਂ ਫਾਈਲਾਂ ਵਿੱਚ ਪੁਲਸ ਜਵਾਨਾਂ ਦੀ ਉਸ ਪ੍ਰਮੋਸ਼ਨ ਦਾ ਰਿਕਾਰਡ ਹੈ, ਜਿਹੜੀ ਸਾਬਕਾ ਡੀ ਜੀ ਪੀ ਦੇ ਜਾਅਲੀ ਸਾਈਨਾਂ ਦੇ ਆਧਾਰ ਉੱਤੇ ਹੋਈ ਹੈ।

ਇਸ ਬਾਰੇ ਕੀਤੀ ਗਈ ਜਾਂਚ ਵਿੱਚ ਭੇਦ ਖੁੱਲ੍ਹਾ ਕਿ ਫਰਾਰ ਦੋਸ਼ੀ ਸਬ ਇੰਸਪੈਕਟਰ ਸਤਵਿੰਦਰ ਨੇ ਤਿੰਨ ਵਾਰੀ ਪ੍ਰਮੋਸ਼ਨ ਹਾਸਲ ਕੀਤੀ ਅਤੇ ਉਹ ਹੈਡ ਕਾਂਸਟੇਬਲ ਤੋਂ ਐਸ ਆਈ ਬਣਿਆ ਸੀ। ਇਹ ਪ੍ਰਮੋਸ਼ਨ ਸਤਵਿੰਦਰ ਸਿੰਘ ਨੇ ਕੁਝ ਹੀ ਮਹੀਨਿਆਂ ਵਿੱਚ ਹਾਸਲ ਕੀਤੀ ਸੀ। ਇਸ ਕੇਸ ਵਿੱਚ ਗ੍ਰਿਫਤਾਰ ਕੀਤੇ ਗਏ ਪੰਜਾਬ ਦੇ ਸਾਬਕਾ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੇ ਪੀ ਏ ਕੁਲਵਿੰਦਰ ਸਿੰਘ ਨੂੰ ਸਾਰੇ ਕੁਝ ਦੀ ਜਾਣਕਾਰੀ ਸੀ। ਦੋਸ਼ੀਆਂ ਨੇ ਉਸਦੀ



ਮਿਲੀਭਗਤ ਨਾਲ ਹੀ ਇਹ ਚਾਲ ਚੱਲੀ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਕੁਲਵਿੰਦਰ ਸਿੰਘ ਦੇ ਕੰਪਿਊਟਰ ਉੱਤੇ ਪ੍ਰਮੋਸ਼ਨ ਲਿਸਟ ਬਣਾਈ ਗਈ ਸੀ, ਜਿਸ ਦੀ ਉਸ ਨੂੰ ਪੂਰੀ ਜਾਣਕਾਰੀ ਸੀ। ਕੱਲ੍ਹ ਕੁਲਵਿੰਦਰਨੂੰ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ)ਨੂੰਉਸ ਦਾ 10 ਦਿਨ ਦਾ ਰਿਮਾਂਡ ਮਿਲਿਆ ਹੈ। ਪੁਲਸ ਟੀਮਾਂ ਵੱਖ-ਵੱਖ ਜਗ੍ਹਾ ਛਾਪ ਮਾਰਰਹੀਆਂ ਹਨ।ਅਜੇ ਤਕ ਪੰਜ ਲੋਕ ਗ੍ਰਿਫ਼ਤਾਰ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਸਾਈਬਰ ਸੈਲ ਦੇ ਇੰਸਪੈਕਟਰ ਸਤਵੰਤ ਸਿੰਘ, ਜੀ ਪੀ ਐਫ ਬ੍ਰਾਂਚ ਦੇ ਸੁਪਰਡੈਂਟ ਸੰਦੀਪ ਕੁਮਾਰ, ਈ-1 ਬ੍ਰਾਂਚ ਦੇ ਸੁਪਰਡੈਂਟ ਬਹਾਦੁਰ ਸਿੰਘ, ਹੈਡ ਕਾਂਸਟੇਬਲ ਮਨੀ ਕਟੋਚ ਅਤੇ ਬਰਖਾਸਤ ਐਸ ਆਈ ਸਰਬਜੀਤ ਸਿੰਘ ਸ਼ਾਮਲ ਹਨ।

## ਦਸਵੀਂ/ਬਾਰ੍ਹਵੀਂ ਪਾਸ ਬੇਰੁਜ਼ਗਾਰਾਂ ਲਈ ਸਵੈ-ਰੋਜ਼ਗਾਰ ਦੇ ਕੋਰਸਾਂ ਵਿਚ ਦਾਖਲਾ ਪਹਿਲ ਦੇ ਆਧਾਰ ’ਤੇ 31 ਤੱਕ

ਅੰਮ੍ਰਿਤਸਰ, 21 ਜਨਵਰੀ 2022 ( ) - ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲਾਈਫਲੌਂਗ ਲਰਨਿੰਗ ਵਿਭਾਗ ਵੱਲੋਂ ਸਵੈ-ਰੋਜ਼ਗਾਰ ਦੇ ਉਦੇਸ਼ ਨਾਲ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਦਸਵੀਂ/ਬਾਰਵੀਂ ਪਾਸ ਲੜਕੇ ਅਤੇ ਲੜਕੀਆਂ (ਬਿਨ੍ਹਾਂ ਉਮਰ ਹੱਦ ਦੇ) ਨੂੰ ਆਤਮ-ਨਿਰਭਰ ਬਣਾਉਣ ਲਈ ਜਨਵਰੀ-2022 ਤੋਂ ਹੇਠ ਲਿਖਿਤ ਛੇ ਮਹੀਨੇ ਦਾ ਸਰਟੀਫਿਕੇਟ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਕਟਿੰਗ ਐਂਡ ਟੇਲਰਿੰਗ (ਦਸਵੀਂ ਪਾਸ ਲੜਕੀਆਂ ਵਾਸਤੇ), ਬਿਊਟੀ ਕਲਚਰ (ਦਸਵੀਂ ਪਾਸ ਲੜਕੀਆਂ ਵਾਸਤੇ), ਵੈਬ ਡਿਜਾਈਨਿੰਗ (ਬਾਰਵੀਂ ਪਾਸ ਲੜਕੇ ਅਤੇ ਲੜਕੀਆਂ ਵਾਸਤੇ), ਇੰਗਲਿਸ਼ ਸਪੀਕਿੰਗ ਅਤੇ ਕਮਿਊਨਿਕੇਸ਼ਨ ਸਕਿਲਜ਼ (ਬਾਰਵੀਂ ਪਾਸ ਲੜਕੇ ਅਤੇ ਲੜਕੀਆਂ ਵਾਸਤੇ) ਅਤੇ ਕੰਪਿਊਟਰ ਬੇਸਿਕ ਕੌਨਸੇਪਟ (ਬਾਰਵੀਂ ਪਾਸ ਲੜਕੇ ਅਤੇ ਲੜਕੀਆਂ ਵਾਸਤੇ) ਸ਼ਾਮਿਲ ਹਨ।

ਵਿਭਾਗ ਦੇ ਮੁਖੀ, ਡਾ. ਸਰੋਜ ਅਰੋੜਾ ਨੇ ਦੱਸਿਆ ਕਿ ਇਹਨਾਂ ਕੋਰਸਾਂ ਵਿਚ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵੈਬਸਾਈਟ ’ਤੇ ਆਨਲਾਈਨ ਦਾਖਲਾ ਫਾਰਮ ਮਿਤੀ 31 ਜਨਵਰੀ 2022 ਤੱਕ ਭਰ ਸਕਦੇ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
647.539.3020

You only pay upon settlement

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਵਕ਼ਫ਼ ਬੋਰਡ ਅਧਿਕਾਰੀਆਂ ਨੇ ਕਬਰ ਤੋਂ ਬੱਚੀ ਦੀ ਲਾਸ਼ ਕੱਢ ਕੇ ਹੋਰ ਥਾਂ ਲਿਜਾਣ ਨੂੰ ਕਿਹਾ

* ਸ਼ਾਹੀ ਇਮਾਮ ਵੱਲੋਂ ਕਾਰਵਾਈ ਦੀ ਮੰਗ

ਲੁਧਿਆਣਾ, 23 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨੂਰਵਾਲਾ ਰੋਡ ਉੱਤੇ ਛੇ ਮਹੀਨੇ ਦੀ ਇੱਕ ਬੱਚੀ ਦੀ ਲਾਸ਼ ਦਫਨਾਏ ਜਾਣ ਦੇ ਚਾਰ ਘੰਟੇ ਬਾਅਦ ਕਬਰਿਸਤਾਨ ਵਿੱਚੋਂ ਵਕਫ਼ ਬੋਰਡ ਦੇ ਅਧਿਕਾਰੀਆਂ ਨੇ ਬਾਹਰ ਕਢਵਾਈ ਹੈ ਅਤੇ ਉਸ ਦੇ ਪਰਵਾਰ ਨੂੰ ਬੱਚੀ ਦੀ ਲਾਸ਼ ਕਿਤੇ ਹੋਰ ਦਫ਼ਨਾਉਣ ਲਈ ਕਿਹਾ ਹੈ। ਇਸ ਉੱਤੇ ਪਰਵਾਰ ਨੇ ਵਿਰੋਧ ਕੀਤਾ, ਪਰ ਬਾਅਦ ਵਿੱਚ ਉਹ ਇਸ ਲਾਸ਼ ਨੂੰ ਕਿਤੇ ਹੋਰ ਦਫ਼ਨਾਉਣ ਲੈ ਗਏ। ਪੀੜਤ ਪਰਵਾਰ ਨੇ ਕਿਹਾ ਕਿ ਇਹ ਕਬਰਿਸਤਾਨ ਮੁਸਲਿਮ ਭਾਈਚਾਰੇ ਨਾਲ ਸਬੰਧਤ ਹੈ, ਪਰ ਕੁਝ ਲੋਕ ਇਸ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ।



ਮਿਲੀ ਜਾਣਕਾਰੀ ਅਨੁਸਾਰ ਦੋ ਦਿਨ ਪਹਿਲਾਂ ਇੱਕ ਛੇ ਮਹੀਨੇ ਦੀ ਬੱਚੀ ਦੀ ਮੌਤ ਹੋ ਗਈ ਤਾਂ ਦਫ਼ਨਾਉਣ ਲਈ ਪਰਵਾਰ ਦੇ ਮੈਂਬਰ ਨੂਰਵਾਲਾ ਰੋਡ ਵਾਲੇ ਕਬਰਿਸਤਾਨ ਗਏ। ਇਸੇ ਦੌਰਾਨ ਵਕਫ਼ ਬੋਰਡ ਦੇ ਅਧਿਕਾਰੀ ਉਥੇ ਪੁੱਜ ਗਏ ਅਤੇ ਉਨ੍ਹਾਂ ਬੱਚੀ ਦੀ ਲਾਸ਼ ਨੂੰ ਬਾਹਰ ਕੱਢਣ ਦੇ ਹੁਕਮ ਸੁਣਾ ਦਿੱਤੇ। ਕਬਰਿਸਤਾਨ ਦੇ ਪ੍ਰਧਾਨ ਅਬਦੁਲ ਮਲਿਕ ਤਿਆਗੀ ਨੇ ਕਿਹਾ ਕਿ ਇਸ ਥਾਂ ਪੰਜ ਦਹਾਕਿਆਂ ਤੋਂ ਕਬਰਾਂ ਬਣੀਆਂ ਹੋਈਆਂ ਹਨ, ਪਰ ਵਕਫ਼ ਬੋਰਡ ਦੇ ਅਧਿਕਾਰੀ ਸਸਤੇ ਭਾਅ ਇਹ ਜ਼ਮੀਨ ਲੀਜ਼ ਉੱਤੇ ਦੇ ਰਹੇ ਹਨ। ਇਸ ਵਿਰੁੱਧ ਉਨ੍ਹਾਂ ਅਦਾਲਤ ਵਿੱਚ ਕੇਸ ਕੀਤਾ ਸੀ, ਜਿਸ ਦਾ ਫ਼ੈਸਲਾ ਮੁਸਲਿਮ ਭਾਈਚਾਰੇ ਦੇ ਹੱਕ ਵਿੱਚ ਆਇਆ, ਪਰ ਵਕਫ਼ ਬੋਰਡ ਦੇ ਅਧਿਕਾਰੀ ਉਨ੍ਹਾਂ ਨੂੰ ਇੱਥੇ ਅੰਤਿਮ ਰਸਮਾਂ ਨਹੀਂ ਕਰਨ ਦੇਂਦੇ ਇਸ ਲਈ ਉਹ ਇਸ ਕੇਸ ਬਾਰੇ ਅਦਾਲਤ ਜਾਣਗੇ। ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਵੀ ਪੁਲਸ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਬੱਚੀ ਦੀ ਲਾਸ਼ ਬਾਹਰ ਕੱਢਣ ਦੇ ਜ਼ਿੰਮੇਵਾਰ ਵਿਅਕਤੀਆਂ ਦੇ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕੀਤਾ ਜਾਵੇ।

## ਦਰਖ਼ਤ ਵਿੱਚਕਾਰ ਵੱਜਣ ਕਾਰਨ ਤਿੰਨ ਨੌਜਵਾਨਾਂ ਦੀ ਮੌਤ

ਸੰਗਰੂਰ, 23 ਜਨਵਰੀ (ਪੋਸਟ ਬਿਊਰੋ)- ਸੰਗਰੂਰ-ਬਰਨਾਲਾ ਰੋਡ ਉੱਤੇ ਪਿੰਡ ਕਿਲ੍ਹਾ ਭਰੀਆਂ ਨੇੜੇ ਸਵਿਫਟ ਕਾਰ ਦੇ ਦਰਖਤ ਵਿੱਚ ਵੱਜਣ ਨਾਲ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਹਾਦਸੇ ਵਿੱਚ ਕਾਰ ਦੇ ਪਰਖੱਚੇ ਉਡ ਗਏ, ਜਿਸ ਤੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਕਾਰ ਦੀ ਰਫ਼ਤਾਰ ਕਾਫੀ ਤੇਜ਼ ਸੀ।

ਥਾਣਾ ਲੌਂਗੋਵਾਲ ਦੇ ਸਹਾਇਕ ਥਾਣੇਦਾਰ ਨੇ ਦੱਸਿਆ ਕਿ ਦੁਲੱਟ ਪੱਤੀ ਲੌਂਗੋਵਾਲ ਦੇ ਵਾਸੀ ਦੋ ਨੌਜਵਾਨ 25 ਸਾਲਾ ਸੁਖਵਿੰਦਰ ਸਿੰਘ ਅਤੇ 20 ਸਾਲਾ ਮੰਗਲ ਸਿੰਘ ਅਤੇ ਝਾੜੋਂ ਪੱਤੀ ਦਾ ਵਸਨੀਕ 21 ਸਾਲਾ ਬੇਅੰਤ ਸਿੰਘ ਸਵਿਫਟ ਕਾਰ ਵਿੱਚ ਲੌਂਗੋਵਾਲ ਤੋਂ ਸੰਗਰੂਰ ਦੇ ਪਿੰਡ ਕਿਲ੍ਹਾ ਭਰੀਆਂ ਜਾ ਰਹੇ ਸਨ। ਰਾਹ ਵਿੱਚ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਰੁੱਖ ਵਿੱਚ ਜਾ ਵੱਜੀਅਤੇ ਤਿੰਨਾਂ ਦੀ ਮੌਤ ਹੋ ਗਈ।




ਇਸੇ ਤਰ੍ਹਾਂ ਧੂਰੀ ਵਿੱਚ ਕੱਲ੍ਹ ਰਾਤ ਸੰਗਰੂਰ ਰੋਡ ਉੱਤੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਪਤਾ ਲੱਗਾ ਹੈ ਕਿ ਰੇਲਵੇ ਪੁਲਸ ਚੌਂਕੀ ਧੂਰੀ ਦੇ ਸਹਾਇਕ ਥਾਣੇਦਾਰ ਜਸਜੀਤ ਸਿੰਘ ਆਪਣੇ ਪੁੱਤਰ ਨਾਲ ਰਾਤ ਦਸ ਵਜੇ ਦੇ ਕਰੀਬ ਕਾਰ ਵਿੱਚ ਘਰ ਮੁੜ ਰਹੇ ਸਨ। ਸੰਗਰੂਰ ਬਾਈਪਾਸ ਨੇੜੇ ਆਣ ਕੇ ਇੱਕ ਅਵਾਰਾ ਪਸ਼ੂ ਕਾਰ ਦੇ ਸਾਹਮਣੇ ਆ ਗਿਆ, ਜਿਸ ਨੂੰ ਬਚਾਉਂਦਿਆਂ ਕਾਰ ਬੇਕਾਬੂ ਹੋ ਕੇ ਬਿਜਲੀ ਦੇ ਖੰਬੇ ਨਾਲ ਜਾ ਵੱਜੀ। ਹਾਦਸੇ ਵਿੱਚ ਜਸਜੀਤ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ, ਜਦਕਿ ਕਾਰ ਚਲਾ ਰਿਹਾ ਲੜਕਾ ਹਰਜਿੰਦਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ।

## ਖੜੇ ਕੈਂਟਰ ਵਿੱਚਬੱਸ ਵੱਜੀ, ਚਾਲਕ ਤੇ ਕੰਡਕਟਰ ਦੀ ਮੌਤ

ਮਾਹਿਲਪੁਰ, 23 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸਵੇਰੇ ਮਾਹਿਲਪੁਰ ਤੋਂ ਬਾਹਰਵਾਰ ਚੰਡੀਗੜ੍ਹ ਰੋਡ ਉੱਤੇ ਇੱਕ ਬੱਸ ਤੇ ਕੈਂਟਰ ਦੀ ਟੱਕਰ ਵਿੱਚ ਬੱਸ ਚਾਲਕ ਅਤੇ ਕੰਡਕਟਰ ਦੀ ਮੌਤ ਹੋ ਗਈ ਅਤੇ ਸਵਾਰ ਚਾਰ ਸਵਾਰੀਆਂ ਮਾਮੂਲੀ ਜ਼ਖਮੀ ਹੋ ਗਈਆਂ। ਉਨ੍ਹਾਂ ਨੂੰ ਸਿਵਲ ਹਸਪਤਾਲ ਮਾਹਿਲਪੁਰ ਮੁੱਢਲੀ ਸਹਾਇਤਾ ਦੇ ਕੇ ਭੇਜ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਡਿੱਪੂ ਦੀ ਦਿੱਲੀ ਤੋਂ ਹੁਸ਼ਿਆਰਪੁਰ ਆ ਰਹੀ ਬੱਸ ਜਦੋਂ ਪਿੰਡ ਟੂਟੋਮਜ਼ਾਰਾ ਦੇ ਬਾਹਰ ਇੱਕ ਪ੍ਰਾਈਵੇਟ ਸਕੂਲ ਨੇੜੇ ਪਹੁੰਚੀ ਤਾਂ ਉਥੇ ਪਹਿਲਾਂ ਤੋਂ ਖੜ੍ਹੇ ਇੱਕ ਟਰੱਕ ਦੇ ਪਿੱਛੇ ਜਾ ਵੱਜੀ। ਇਸ ਕਾਰਨ ਬੱਸ ਚਾਲਕ ਗੁਰਨਾਮ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਡੇਹਲਾ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਅਤੇ ਕੰਡਕਟਰ ਜਤਿੰਦਰ ਕੁਮਾਰ ਸੋਨੂੰ ਪੁੱਤਰ ਦਰਸ਼ਨ ਲਾਲ ਵਾਸੀ ਨਵਾਂਸ਼ਾਲਾ ਜ਼ਿਲ੍ਹਾ ਗੁਰਦਾਸਪੁਰ ਦੀ ਮੌਕੇ ਉੱਤੇ ਮੌਤ ਹੋ ਗਈ।ਦੱਸਿਆ ਗਿਆ ਹੈ ਕਿ ਬੱਸ ਕੰਡਕਟਰ ਹੁਸ਼ਿਆਰਪੁਰ ਤੋਂ ਜੰਮੂ ਚੱਲਦਾ ਸੀ ਪ੍ਰੰਤੂ ਇਸ ਬੱਸ ਦਾ ਕੰਡਕਟਰ ਛੁੱਟੀ ਗਿਆ ਹੋਣ ਕਰਕੇ ਜਤਿੰਦਰ ਕੁਮਾਰ ਉਸ ਦੇ ਨਾਲ ਚਲਾ ਗਿਆ। ਲੋਕਾਂ ਨੇ ਦੱਸਿਆ ਕਿ ਕੈਂਟਰ ਦੇ ਇੱਕ ਟਾਇਰ ਦਾ ਬੈਰਿੰਗ ਬੀਤੀ ਰਾਤ ਖਰਾਬ ਹੋਣ ਕਾਰਨ ਓਥੇ ਖੜ੍ਹਾ ਸੀ।

## ਬੀ ਐਮ ਡਬਲਯੂ ਕਾਰ ਲੁੱਟਣ ਵਾਲੇ ਮਾਮਾ-ਭਾਣਜਾ ਕਾਬੂ

ਜਲੰਧਰ, 23 ਜਨਵਰੀ (ਪੋਸਟ ਬਿਊਰੋ)- ਕਮਿਸ਼ਨਰੇਟ ਪੁਲਸ ਜਲੰਧਰ ਦੇ ਸਪੈਸ਼ਲ ਆਪ੍ਰੇਸ਼ਨ ਯੂਨਿਟ ਦੀ ਟੀਮ ਤੇ ਥਾਣਾ ਨੰਬਰ-6 ਦੀ ਪੁਲਸ ਨੇ 8 ਜਨਵਰੀ ਨੂੰ ਮਾਡਲ ਟਾਊਨ ਇਲਾਕੇ ਵਿੱਚੋਂ ਗੰਨ ਪੁਆਇੰਟ ਉੱਤੇ ਬੀ ਐਮ ਡਬਲਯੂ ਕਾਰ ਲੁੱਟ ਕੇ ਲਿਜਾਣ ਵਾਲੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਜੀਠਾ ਰੋਡ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਉਕ ਦੋਸ਼ੀਆਂ ਦੀ ਪਛਾਣ ਹਰਸ਼ਬੀਰ ਸਿੰਘ ਉਰਫ ਹਰਸ਼ ਪੁੱਤਰ ਜਗਦੀਪ ਸਿੰਘ ਵਾਸੀ ਜਗਦੇਵ ਕਲਾਂ ਥਾਣਾ ਝੰਡੇਰ ਜ਼ਿਲ੍ਹਾ ਅੰਮ੍ਰਿਤਸਰ ਮੌਜੂਦਾ ਵਾਸੀ ਹਾਲੀਵੁੱਡ ਹਾਈਟਸ ਫਲੈਟ ਨੰਬਰ-49 ਕੁਰਾਲੀ ਜ਼ਿਲ੍ਹਾ ਮੋਹਾਲੀ ਤੇ ਰਾਜਕਰਨ ਉਰਫ ਬੰਟੀ ਪੁੱਤਰ ਅਮਰੀਕ ਸਿੰਘ ਵਾਸੀ ਗਲੀ ਨੰਬਰ-6 ਨਗੀਨਾ ਐਵੇਨਿਊ ਮਜੀਠਾ ਰੋਡ ਅੰਮ੍ਰਿਤਸਰ ਵਜੋਂ ਹੋਈ ਹੈ। ਦੋਵੇਂ ਜਣੇ ਰਿਸ਼ਤੇ ਵਿੱਚ ਮਾਮਾ ਭਾਣਜਾ ਹਨ।ਪੁਲਸ ਨੇ ਦੱਸਿਆ ਕਿ ਪੁਨੀਤ ਆਹੂਜਾ ਪੁੱਤਰ ਮੁਕੇਸ਼ ਕੁਮਾਰ ਆਹੂਜਾ ਵਾਸੀ ਜੇ ਪੀ ਨਗਰ ਕੋਲੋਂ ਗੰਨ ਪੁਆਇੰਟ ਉੱਤੇ ਖੋਹੀ ਬੀ ਐਮ ਡਬਲਯੂ ਕਾਰ ਪੁਲਸ ਪਹਿਲਾਂ ਬਰਾਮਦ ਕੀਤੀ ਜਾ ਚੁੱਕੀ ਹੈ ਅਤੇ ਕੱਲ੍ਹ ਪੁਲਸ ਨੇ ਕਾਰ ਦੀ ਆਰ ਸੀ (ਰਜਿਸਟਰੇਸ਼ਨ), ਇੱਕ ਹੋਰ ਕਾਰ ਦੀ ਚਾਬੀ, ਇੱਕ ਖਿਡੌਣਾ ਪਿਸਤੌਲ ਤੇ ਤਿੰਨ ਮੋਬਾਈਲ ਬਰਾਮਦ ਕੀਤੇ ਹਨ। ਜਾਂਚ ਵਿੱਚ ਪਤਾ ਲੱਗਾ ਹੈ ਕਿ 21 ਸਾਲ ਦੇ ਹਰਸ਼ਬੀਰ ਦੇ ਖ਼ਿਲਾਫ਼ ਜ਼ਿਲ੍ਹਾ ਅੰਮ੍ਰਿਤਸਰ ਦੇ ਕਈ ਥਾਣਿਆਂ ਵਿੱਚ ਕੇਸ ਦਰਜ ਹਨ ਅਤੇ ਰਾਜਕਰਨ ਉਰਫ ਬੰਟੀ ਖ਼ਿਲਾਫ਼ ਜਲੰਧਰ ਦੇ ਥਾਣਾ ਨੰਬਰ 6 ਤੇ 7 ਤੋਂ ਬਿਨਾ ਅੰਮ੍ਰਿਤਸਰ ਦੇ ਥਾਣਿਆਂ ਸੁਲਤਾਨਵਿੰਡ ਖੇਤਰ, ਕੰਬੋ, ਅਜਨਾਲਾ, ਸਿਵਲ ਲਾਈਨ, ਮਕਬੂਲਪੁਰ, ਖਿਲਚੀਆਂ ਆਦਿ ਵਿੱਚ ਵੱਖ-ਵੱਖ ਧਾਰਾਵਾਂ ਦੇ ਕੇਸ ਦਰਜ ਹਨ।

# ਲਖੀਮਪੁਰ ਖੀਰੀ ਕੇਸ; ਸਬੂਤਾਂ ਦੀ ਘਾਟ ਕਾਰਨ ਤਿੰਨ ਕਿਸਾਨ ਬਰੀ



ਲਖੀਮਪੁਰ ਖੀਰੀ, 23 ਜਨਵਰੀ (ਪੋਸਟ ਬਿਊਰੋ)- ਪਿਛਲੇ ਸਾਲ ਹੋਈ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਭਾਜਪਾ ਦੇ ਦੋ ਵਰਕਰਾਂ ਤੇ ਇੱਕ ਕਾਰ ਡਰਾਈਵਰ ਦੀ ਕੁੱਟਮਾਰ ਦੇ ਮਾਮਲੇ ਵਿੱਚ ਚਾਰ ਲੋਕਾਂ ਵਿਰੁੱਧ ਚਾਰਜਸ਼ੀਟ ਦਾਖ਼ਲ ਕੀਤੀ ਸੀ। ਇਸ ਕੇਸ ਵਿੱਚ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਤਿੰਨਾਂ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ। ਐਸ ਆਈ ਟੀ ਨੇ ਆਪਣੀ ਜਾਂਚ ਵਿੱਚ ਚਾਰ ਜਣਿਆਂ ਵਿਰੁੱਧ ਕਤਲ, ਦੰਗੇ, ਅੱਗਜ਼ਨੀ, ਤੋੜ-ਭੰਨ ਅਤੇ ਉਕਸਾਉਣ ਸਮੇਤ ਕਈ ਧਾਰਾਵਾਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿੱਚ ਲਖੀਮਪੁਰ ਖੀਰੀ ਵਿੱਚ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂ ਓਥੇ ਰੋਸ ਕਰਦੇ ਕਿਸਾਨਾਂ ਉੱਤੇ ਜੀਪ ਚਾੜ੍ਹ ਕੇ ਚਾਰ ਕਿਸਾਨ ਮਾਰ ਦਿੱਤੇ ਜਾਣ ਦੀ ਘਟਨਾ ਤੋਂ ਬਾਅਦ ਬਣੇ ਇਸ ਕੇਸ ਵਿੱਚ ਅੱਠ ਲੋਕਾਂ ਦੀ ਮੌਤ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਚਾਰ ਕਿਸਾਨ, ਇੱਕ ਪੱਤਰਕਾਰ, ਦੋ ਭਾਜਪਾ ਵਰਕਰ ਅਤੇ ਇੱਕ ਕਾਰ ਡਰਾਈਵਰ ਸੀ। ਪਹਿਲੀ ਕਾਨੂੰਨੀ ਸ਼ਿਕਾਇਤ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਅਤੇ ਕਰੀਬ 15-20 ਲੋਕਾਂ ਉਤੇ ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਦੇ ਦੌਰੇ ਦੇ ਵਿਰੁੱਧ ਰੋਸ ਕਰਦੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਦੀ ਹਤਿਆ ਕਰਨ ਦਾ ਦੋਸ਼ ਹੈ। ਦੂਸਰੇ ਪਾਸੇ ਭਾਜਪਾ ਵਰਕਰਾਂ ਦੇ ਕਤਲ ਦੇ ਕਾਰਨ ਜਿਨ੍ਹਾਂ ਚਾਰ ਕਿਸਾਨਾਂ ਉੱਤੇ ਚਾਰਜਸ਼ੀਟ ਦਾਖ਼ਲ ਕੀਤੀ ਗਈ, ਉਨ੍ਹਾਂ ਵਿੱਚ ਬਚਿੱਤਰ ਸਿੰਘ, ਗੁਰਵਿੰਦਰ ਸਿੰਘ, ਕਮਲਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਹਨ। ਪੁਲਸ ਨੇ ਭਾਜਪਾ ਵਰਕਰਾਂ ਅਤੇ ਡਰਾਈਵਰ ਦੀ ਮੌਤ ਬਾਰੇ ਸ਼ੁਰੂ ਵਿੱਚ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਪਰ ਸਬੂਤਾਂ ਦੀ ਘਾਟ ਕਾਰਨ ਤਿੰਨਾਂ ਨੂੰ ਛੱਡ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, 'ਤਿੰਨ ਜਣਿਆਂ ਰਣਜੀਤ ਸਿੰਘ, ਸੋਨੂੰ ਉਰਫ ਕੰਵਲਜੀਤ ਸਿੰਘ ਅਤੇ ਅਵਤਾਰ ਸਿੰਘ ਬਾਰੇ ਅੰਤਮ ਰਿਪੋਰਟਾਂ ਸੀ ਆਰ ਪੀ ਸੀ ਦੀ ਧਾਰਾ 169 (ਸਬੂਤ ਦੀ ਘਾਟ ਕਾਰਨ ਦੋਸ਼ੀ ਦੀ ਰਿਹਾਈ) ਹੇਠ ਪੇਸ਼ ਕੀਤੀਆਂ ਗਈਆਂ ਹਨ'।

# ਬਹੁ-ਮੰਜ਼ਿਲਾ ਇਮਾਰਤ ਵਿੱਚ ਭਿਆਨਕ ਅੱਗ, ਸੱਤ ਲੋਕਾਂ ਦੀ ਮੌਤ



ਮੁੰਬਈ, 23 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੱਧ ਮੁੰਬਈ ਦੇ ਤਾੜਦੇਵ ਇਲਾਕੇ ਵਿੱਚ ਕੱਲ੍ਹ ਬਹੁਮੰਜ਼ਿਲਾ ਇਮਾਰਤ ਦੀ 18ਵੀਂ ਮੰਜ਼ਿਲ ਉੱਤੇ ਸਵੇਰ ਵੇਲੇ ਭਿਆਨਕ ਅੱਗ ਲੱਗ ਗਈ, ਜਿਸ ਨਾਲ ਵਿੱਚ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ 16 ਹੋਰ ਜ਼ਖਮੀ ਹੋ ਗਏ ਦੱਸੇ ਗਏ ਹਨ।

ਬ੍ਰਹਨ ਮੁੰਬਈ ਮਹਾਨਗਰ ਪਾਲਿਕਾ (ਬੀ ਐਮ ਸੀ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਗੋਵਾਲੀਆ ਟੈਂਕ ਵਿੱਚ ਗਾਂਧੀ ਹਸਪਤਾਲ ਦੇ ਸਾਹਮਣੀ ਇਮਾਰਤ 'ਕਮਲਾ' ਵਿੱਚ ਸਵੇਰੇ ਕਰੀਬ ਸੱਤ ਵਜੇ ਅੱਗ ਲੱਗੀ, ਜਦੋਂ ਓਥੇ ਰਹਿੰਦੇ ਲੋਕ ਸੁੱਤੇ ਹੋਏ ਸਨ। ਉਨ੍ਹਾਂ ਕਿਹਾ, ਇਹ 20 ਮੰਜ਼ਿਲਾ ਇਮਾਰਤ ਵਿੱਚ ਇਸ ਦੀ 18ਵੀਂ ਮੰਜ਼ਲ ਉੱਤੇ ਲੱਗੀ ਅੱਗ ਦੀ ਸੂਚਨਾ ਮਿਲਣ ਉੱਤੇ ਫ਼ਾਇਰ ਬ੍ਰਿਗੇਡ ਕਰਮਚਾਰੀ ਅਤੇ ਪੁਲਸ ਓਥੇ ਪਹੁੰਚ ਗਏ। ਅਧਿਕਾਰੀ ਨੇ ਦੱਸਿਆ ਕਿ ਨਾਇਰ ਹਸਪਤਾਲ ਲਿਆਂਦੇ ਸੱਤ ਵਿੱਚੋਂ ਪੰਜ ਜ਼ਖ਼ਮੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਲੋਕਾਂ ਦੀ ਮੌਤ ਭਾਟੀਆ ਹਸਪਤਾਲ ਤੇ ਕਸਤੂਰਬਾ ਹਸਪਤਾਲ ਵਿੱਚ ਹੋਈ। ਭਾਟੀਆ ਹਸਪਤਾਲ ਵਿੱਚ 13, ਨਾਇਰ ਹਸਪਤਾਲ ਵਿੱਚ ਦੋ ਅਤੇ ਕਸਤੂਰਬਾ ਹਸਪਤਾਲ ਵਿੱਚ ਇੱਕ ਵਿਅਕਤੀ ਦਾ ਇਲਾਜ ਚੱਲ ਰਿਹਾ ਹੈ। ਫ਼ਾਇਰ ਕਰਮਚਾਰੀਆਂ ਨੇ ਅੱਗ ਨੂੰ ਕਾਬੂ ਪਾ ਲਿਆ ਹੈ।ਇੱਕ ਅਧਿਕਾਰੀ ਨੇ ਦੱਸਿਆ, "18ਵੀਂ ਮੰਜ਼ਿਲ ਉੱਤੇ ਅੱਗ ਲੱਗਣ ਦੇ ਤੁਰੰਤ ਬਾਅਦ ਉਥੇ ਰਹਿੰਦੇ ਲੋਕ ਆਪਣੇ ਪਰਵਾਰਕ ਮੈਂਬਰਾਂ ਨਾਲ ਬਾਹਰ ਵੱਲ ਦੌੜੇ। ਹਰ ਮੰਜ਼ਿਲ ਉਤੇ ਘੱਟੋ-ਘੱਟ ਛੇ ਫਲੈਟ ਹਨ। ਅੱਗ ਨੇ 18ਵੀਂ ਅਤੇ 19ਵੀਂ ਮੰਜ਼ਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਕੁਝ ਨਿਵਾਸੀ ਉਥੇ ਫਸ ਗਏ।" ਉਨ੍ਹਾਂ ਕਿਹਾ ਕਿ ਉਥੇ ਰਹਿਣ ਵਾਲੇ ਕੁਝ ਨਿਵਾਸੀਆਂ ਅਨੁਸਾਰ, ਅੱਗ ਲੱਗਣ ਤੋਂ ਬਾਅਦ ਇਮਾਰਤ ਵਿੱਚ ਬਿਜਲੀ ਬੰਦ ਹੋ ਗਈ।

# ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਦਾ ਨਾਂਅ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਨਹੀਂ



ਦੇਹਰਾਦੂਨ, 23 ਜਨਵਰੀ (ਪੋਸਟ ਬਿਊਰੋ)- ਉਤਰਾਖੰਡ ਵਿਧਾਨਸਭਾ ਚੋਣਾਂ ਲਈ ਦਿੱਲੀ ਵਿੱਚ ਲੱਗਭਗ 10 ਦਿਨ ਚਲੀ ਮਸ਼ਕਤ ਦੇ ਬਾਅਦ ਕੱਲ੍ਹ ਦੇਰ ਰਾਤ ਕਾਂਗਰਸ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ। ਪਹਿਲੀ ਸੂਚੀ ਵਿੱਚ ਕੁੱਲ 53 ਮੈਂਬਰਾਂ ਦੇ ਨਾਮ ਸਨ। ਪ੍ਰਦੇਸ਼ ਦੇ ਸੀਨੀਅਰ ਆਗੂ ਗਣੇਸ਼ ਗੋਦਿਆਲ ਸ਼੍ਰੀਨਗਰ ਤੇ ਪ੍ਰੀਤਮ ਸਿੰਘ ਆਪਣੀ ਚਕਰਾਤਾ ਸੀਟ ਤੋਂ ਹੀ ਚੋਣ ਲੜਨਗੇ। ਕਾਂਗਰਸ ਪ੍ਰਦੇਸ਼ ਚੋਣ ਮੁਹਿਮ ਕਮੇਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਦੇ ਚੋਣ ਲੜਨ ਉੱਤੇ ਸਸਪੈਂਸ ਹੈ, ਕਿਉਂਕਿ ਉਨ੍ਹਾਂ ਦਾ ਨਾਮ ਪਹਿਲੀ ਸੂਚੀ ਵਿੱਚ ਸ਼ਾਮਲ ਨਹੀਂ ਹੈ।

ਪਿਛਲੀਆਂ ਵਿਧਾਨਸਭਾ ਚੋਣਾਂ ਵਿੱਚ ਕਾਂਗਰਸ ਨੇ ਕੇਵਲ 11 ਸੀਟਾਂ ਜਿੱਤੀਆਂ ਸਨ। ਇਨ੍ਹਾਂ ਵਿੱਚ ਡਾ. ਇੰਦਰਾ ਹਿਰਦੇਸ਼ ਦੀ ਮੌਤ ਹੋ ਚੁੱਕੀ ਹੈ। ਪਿਛਲੀ ਵਾਰ ਕਾਂਗਰਸ ਟਿਕਟ ਉੱਤੇ ਜਿੱਤੇ ਇੱਕ ਵਿਧਾਇਕ ਰਾਜਕੁਮਾਰ ਪਿਛਲੇ ਦਿਨੀਂ ਭਾਜਪਾ ਵਿੱਚ ਸ਼ਾਮਲ ਹੋ ਗਏ ਸੀ। ਕਾਂਗਰਸ ਦੀ ਪਹਿਲੀ ਸੂਚੀ ਵਿੱਚ ਪਾਰਟੀ ਦੇ ਸਾਰੇ ਸਿਟਿੰਗ ਨੌਂ ਵਿਧਾਇਕਾਂ ਦੇ ਨਾਮ ਹਨ। ਕੁਝ ਸਮਾਂ ਪਹਿਲਾਂ ਭਾਜਪਾ ਤੋਂ ਕਾਂਗਰਸ ਵਿੱਚ ਵਾਪਸੀ ਕਰਨ ਵਾਲੇ ਯਸ਼ਪਾਲ ਆਰੀਆ ਤੇ ਉਨ੍ਹਾਂ ਦੇ ਪੁੱਤਰ ਸੰਜੀਵ ਆਰੀਆ ਨੂੰ ਕ੍ਰਮਵਾਰ ਬਾਜਪੁਰ ਅਤੇ ਨੈਨੀਤਾਲ ਤੋਂ ਕਾਂਗਰਸ ਨੇ ਟਿਕਟ ਦਿੱਤੀ ਹੈ। ਭਾਜਪਾ ਤੋਂ ਆਏ ਸਾਬਕਾ ਵਿਧਾਇਕ ਮਾਲਚੰਦ ਨੂੰ ਕਾਂਗਰਸ ਨੇ ਪੁਰੋਲਾ ਤੋਂ ਟਿਕਟ ਦਿੱਤੀ ਹੈ। ਸੂਚੀ ਵਿੱਚ ਪਿਛਲੀ ਵਿਧਾਨਸਭਾ ਚੋਣ ਲੜ ਚੁੱਕੇ ਕਾਂਗਰਸ ਦੇ ਬਹੁਤੇ ਨੇਤਾਵਾਂ ਨੂੰ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਰਾਜ ਦੀ ਤੀਸਰੀ ਵਿਧਾਨਸਭਾ ਦੇ ਮੈਂਬਰ ਰਹੇ ਕਈ ਵਿਧਾਇਕਾਂ ਦੇ ਨਾਮ ਸ਼ਾਮਲ ਹਨ। ਡਾ. ਹਿਰਦੇਸ਼ ਦੀ ਹਲਦਵਾਨੀ ਸੀਟ ਤੋਂ ਉਨ੍ਹਾਂ ਦੇ ਪੁੱਤਰ ਸੁਮਿਤ ਹਿਰਦੇਸ਼ ਨੂੰ ਟਿਕਟ ਮਿਲੀ ਹੈ।

ਸੂਚੀ ਵਿੱਚ ਸਭ ਤੋਂ ਅਹਿਮ ਤੱਥ ਇਹ ਹੈ ਕਿ ਸਾਲ 2016 ਵਿੱਚ ਹਰੀਸ਼ ਰਾਵਤ ਸਰਕਾਰ ਉੱਤੇ ਸੰਕਟ ਦੇ ਦੌਰਾਨ ਪਾਰਟੀ ਨਾਲ ਖੜ੍ਹੇ ਰਹੇ ਸਾਰੇ ਕਾਂਗਰਸ ਵਿਧਾਇਕਾਂ ਉੱਤੇ ਪੂਰਾ ਧਿਆਨ ਦਿੱਤਾ ਗਿਆ ਹੈ। ਟਿਕਟ ਵੰਡਣ ਵਿੱਚ ਹਰੀਸ਼ ਰਾਵਤ ਦੇ ਸਟੈਂਡ ਨੂੰ ਹਾਈ ਕਮਾਨ ਦਾ ਪੂਰਾ ਸਮਰਥਨ ਮਿਲਿਆ ਹੈ। ਕਾਂਗਰਸ ਵਿੱਚ ਸ਼ਾਮਲ ਕੀਤੇ ਗਏ ਡਾ. ਹਰਕ ਸਿੰਘ ਰਾਵਤ ਅਤੇ ਉਨ੍ਹਾਂ ਦੀ ਨੂੰਹ ਅਨੁਕ੍ਰਤਿ ਗੁਸਾਈਂ ਰਾਵਤ ਦਾ ਨਾਮ ਪਹਿਲੀ ਸੂਚੀ ਵਿੱਚ ਨਹੀਂ ਹੈ।

# ਪੰਜਾਬ ਵਿੱਚ ਸੀਰੀਅਲ ਬਲਾਸਟ ਦੇ ਮੁੱਖ ਸਾਜ਼ਿਸ਼ ਕਰਤੇ ਨੂੰ ਸ਼ਰਣ ਦੇਣ ਵਾਲੇ ਗ੍ਰਿਫ਼ਤਾਰ



ਦੇਹਰਾਦੂਨ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਸੀਰੀਅਲ ਬਲਾਸਟ ਬਾਰੇ ਉਤਰਾਖੰਡ ਸੂਬੇ ਦੀ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਨੇ ਚਾਰ ਜਣਿਆਂ ਨੂੰ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਪੰਤਨਗਰ ਇਲਾਕੇ ਵਿੱਚੋਂ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਉੱਤੇ ਦੋਸ਼ ਹੈ ਕਿ ਉਨ੍ਹਾਂ ਬੀਤੇ ਸਾਲ ਨਵੰਬਰ ਵਿੱਚ ਪਠਾਨਕੋਟ, ਲੁਧਿਆਣਾ ਅਤੇ ਨਵਾਂਸ਼ਹਿਰ ਵਿੱਚ ਹੋਏ ਬੰਬ ਧਮਾਕਿਆਂ ਦੇ ਸਾਜ਼ਿਸ਼ਕਰਤਾਵਾਂ ਨੂੰ ਸ਼ਰਨ ਦਿੱਤੀ ਸੀ।ਚਾਰਾਂ ਸ਼ੱਕੀਆਂ ਦਾ ਸਬੰਧ ਖਾਲਿਸਤਾਨ ਟਾਈਗਰ ਫੋਰਸ ਨਾਲ ਹੈ ਅਤੇ ਉਨ੍ਹਾ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਉਰਫ ਸਾਬੀ (26) ਵਾਸੀ ਰਾਮਨਗਰ (ਊਧਮ ਸਿੰਘ ਨਗਰ), ਹਰਪ੍ਰੀਤ ਸਿੰਘ ਉਰਫ ਹੈਪੀ (24), ਗੁਰਪਾਲ ਸਿੰਘ ਉਰਫ ਗੁਰੀ ਢਿੱਲੋਂ (24) ਤੇ ਅਜਮੇਰ ਸਿੰਘ ਮੰਡ ਉਰਫ ਲਾਡੀ (30) ਵਜੋਂ ਹੋਈ ਹੈ, ਜਿਨ੍ਹਾਂ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਉਤਰਾਖੰਡ ਦੇ ਪੁਲਸ ਮੁਖੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਾਜ਼ਮਾਂ ਨੇ ਮੰਨਿਆ ਕਿ ਉਹ ਪੰਜਾਬ ਸੀਰੀਅਲ ਬਲਾਸਟ ਦੇ ਮੁੱਖ ਸਾਜ਼ਿਸ਼ਕਰਤਾ ਸੁਖਪ੍ਰੀਤ ਉਰਫ ਸੁੱਖ ਨੂੰ ਏਥੇ ਸ਼ਰਨ ਦੇ ਰਹੇ ਸਨ। ਇਨ੍ਹਾਂ ਧਮਾਕਿਆਂ ਬਾਰੇ ਛੇ ਜਣੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਐਸ ਟੀ ਐਫ ਨੂੰ ਕੁਝ ਸ਼ੱਕੀ ਵਿਅਕਤੀਆਂ ਦੇ ਕਬਜ਼ੇ ਵਿੱਚੋਂ ਦਿੱਲੀ ਨੰਬਰ ਦੀ ਇੱਕ ਕਾਰ, 32 ਬੋਰ ਦੀ ਪਿਸਤੌਲ ਅਤੇ ਕੁਝ ਕਾਰਤੂਸ ਮਿਲੇ ਹਨ। ਜ਼ਬਤ ਕਾਰ ਦੀ ਵਰਤੋਂ ਪੰਜਾਬ ਤੋਂ ਸੀਰੀਅਲ ਬੰਬ ਧਮਾਕੇ ਦੇ ਮੁੱਖ ਦੋਸ਼ੀ ਸੁਖਪ੍ਰੀਤ ਸਿੰਘ ਉਰਫ ਸੁੱਖ ਨੂੰ ਲਿਆਉਣ-ਲਿਜਾਣ ਲਈ ਹੁੰਦੀ ਸੀ। ਚਾਰਾਂ ਸ਼ੱਕੀ ਬੰਦਿਆਂ ਦੇ ਸਬੰਧ ਆਸਟਰੇਲੀਆ, ਸਰਬੀਆ, ਕੈਨੇਡਾ ਨਾਲ ਵੀ ਜੁੜੇ ਸਨ। ਉਹ ਗੱਲਬਾਤ ਲਈ ਵ੍ਹਟਸਐਪ ਦੀ ਵਰਤੋਂ ਕਰਦੇ ਸਨ ਅਤੇ ਉਨ੍ਹਾਂ ਕੋਲੋਂ ਅਜਿਹਾ ਇੰਟਰਨੈਟ ਮੈਟੀਰੀਅਲ ਮਿਲਿਆ ਹੈ, ਜਿਹੜਾ ਸਾਬਤ ਕਰਦਾ ਹੈ ਕਿ ਇਨ੍ਹਾਂ ਦੀ ਕਮਾਂਡ ਵਿਦੇਸ਼ਾਂ ਵਿਚਲੇ ਲੋਕਾਂ ਦੇ ਹੱਥਾਂ ਵਿੱਚ ਸੀ।ਫ਼ਰਾਰ ਦੋਸ਼ੀ ਸੁਖਪ੍ਰੀਤ ਉਰਫ਼ ਸੁੱਖ ਦੇ ਕਈ ਵਿਦੇਸ਼ੀ ਸੰਪਰਕ ਮਿਲੇ ਹਨ। ਪਤਾ ਲੱਗਾ ਹੈ ਕਿ ਇਨ੍ਹਾਂ ਦਾ ਸਿੱਧਾ ਸਬੰਧ ਅਰਸ਼ ਨਾਂ ਦੇ ਇੱਕ ਸ਼ੱਕੀ ਨਾਲ ਵੀ ਰਿਹਾ ਹੈ। ਅਰਸ਼ ਦਾ ਸਿੱਧਾ ਖਾਲਿਸਤਾਨ ਟਾਈਗਰ ਫੋਰਸ ਨਾਲ ਹੈ। ਗ੍ਰਿਫ਼ਤਾਰ ਚਾਰੇ ਸ਼ੱਕੀ ਸ਼ਰਨਦਾਤਾ ਲਗਾਤਾਰ ਅਰਸ਼ ਦੇ ਸੰਪਰਕ ਵਿੱਚ ਸਨ।

# ਮਹਿਲਾ ਨੇ ਪੁਜਾਰੀ ਨੂੰ ਹਨੀ ਟ੍ਰੈਪ ਵਿੱਚ ਫਸਾ ਕੇ 49 ਲੱਖ ਝਪਟੇ




ਦੱਖਣੀ ਕਨੜ੍ਹ, 23 ਜਨਵਰੀ (ਪੋਸਟ ਬਿਊਰੋ)- ਦੱਖਣੀ ਕੰਨੜ੍ਹ ਜ਼ਿਲ੍ਹੇ ਦੇ ਮੰਗਲੁਰੂ ਦੇ ਇੱਕ ਪੁਜਾਰੀ ਨੂੰ ਹਨੀ ਟ੍ਰੈਪ ਵਿੱਚ ਫਸਾਉਣ ਅਤੇ ਉਸ ਤੋਂ 49 ਲੱਖ ਰੁਪਏ ਦੀ ਜਬਰਨ ਵਸੂਲੀ ਕਰਨ ਦੇ ਦੋਸ਼ ਵਿੱਚਕਰਨਾਟਕ ਪੁਲਸ ਨੇ ਇੱਕ ਸ਼ਾਦੀਸ਼ੁਦਾ ਮਹਿਲਾ 30 ਸਾਲ ਭਵਿਆ ਸਮੇਤ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਦੋਸ਼ੀ ਮਹਿਲਾ ਨੇ ਚਿਕਮੰਗਲੂਰੂ ਦੇ ਪੁਜਾਰੀ ਨੂੰ ਵਿਸ਼ੇਸ਼ ਪੂਜਾ ਕਰਨ ਲਈ ਮੰਗਲੁਰੂ ਦੇ ਪਦਵਿਨੰਗਡੀ ਵਿੱਚ ਆਪਣੇ ਘਰ ਬੁਲਾਇਆ ਤੇ ਕਿਹਾ ਕਿ ਉਹ ਪਰਵਾਰਕ ਵਿਵਾਦ ਸੁਲਝਾਉਣਾ ਚਾਹੁੰਦੀ ਹੈ। ਜਦੋਂ ਪੁਜਾਰੀ ਉਸਦੇ ਘਰ ਆਇਆ ਤਾਂ ਮਹਿਲਾ ਨੇ ਉਸ ਨਾਲ ਚੰਗਾ ਵਿਹਾਰ ਕੀਤਾ ਅਤੇ ਫੋਟੋਆਂ ਅਤੇ ਵੀਡੀਓ ਬਣਾਈਆਂ। ਬਾਅਦ ਵਿੱਚ ਦੋਸ਼ੀ ਮਹਿਲਾ ਅਤੇ ਸਾਥੀ ਨੇ ਪੁਜਾਰੀ ਨੂੰ ਬਲੈਕਮੇਲ ਕਰ ਕੇ ਧਮਕੀ ਦਿੱਤੀ ਕਿ ਜੇ ਉਸ ਨੇ ਪੈਸੇ ਨਹੀਂ ਦਿੱਤੇ ਤਾਂ ਉਸਦੀਆਂ ਤਸਵੀਰਾਂ ਅਤੇ ਵੀਡੀਉ ਵਾਇਰਲ ਕਰ ਦੇਣਗੇ। ਪੁਜਾਰੀ ਨੇ ਸਮਾਜ ਵਿੱਚ ਆਪਣੀ ਇਮੇਜ ਖ਼ਰਾਬ ਹੋਣ ਦੇ ਡਰ ਕਾਰਨ ਦੋਸ਼ੀਆਂ ਦੇ ਦੱਸੇ ਅਨੁਸਾਰ ਵੱਖ-ਵੱਖ ਬੈਂਕ ਖਾਤਿਆਂ ਵਿੱਚ ਪੈਸੇ ਜਮ੍ਹਾ ਕਰਾ ਦਿੱਤੇ। ਉਸਨੇ ਪੁਲਸ ਨੂੰ ਦੱਸਿਆ ਕਿ ਦੋਸ਼ੀਆਂ ਦੇ ਦਬਾਅਹੇਠ ਉਸ ਨੇ ਇਸ ਦੇ ਲਈ 15 ਲੱਖ ਰੁਪਏ ਦਾ ਕਰਜ਼ਾ ਲਿਆ।ਦੋਸ਼ੀਆਂ ਨੇ ਹੋਰ ਪੈਸੇ ਮੰਗੇ ਤਾਂ ਪੁਜਾਰੀ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਅਦ ਪੁਜਾਰੀ ਦੇ ਪਰਵਾਰ ਨੇ ਪੁਲਸ ਵਿੱਚ ਸ਼ਿਕਾਇਤ ਕੀਤੀ। ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 37 ਹਜ਼ਾਰ ਰੁਪਏ ਕੀਮਤ ਦੀਆਂ ਦੋ ਸੋਨੇ ਦੀ ਅੰਗੂਠੀਆਂ, 31 ਹਜ਼ਾਰ ਰੁਪਏ ਨਕਦ ਅਤੇ ਚਾਰ ਮੋਬਾਈਲ ਬਰਾਮਦ ਕੀਤੇਹਨ। ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀ ਮਹਿਲਾ ਤੇ ਉਸਦੇ ਸਹਿਯੋਗੀ ਨੇ ਜਬਰਨ ਵਸੂਲੀ ਦੇ ਪੈਸਿਆਂ ਤੋਂ 10 ਲੱਖ ਰੁਪਏ ਵਿੱਚ ਲੀਜ਼ ਉੱਤੇ ਫਲੈਟ ਖਰੀਦ ਲਿਆ, ਜਦਕਿ ਪਹਿਲਾਂ ਉਹ ਇੱਕ ਛੋਟੇ ਦੇ ਕਿਰਾਏ ਦੇ ਘਰ ਵਿੱਚ ਰਹਿੰਦੇ ਸੀ। ਉਨ੍ਹਾਂ ਨੇ ਆਲੀਸ਼ਾਨ ਘਰੇਲੂ ਚੀਜ਼ਾਂ ਉੱਤੇ ਲੱਗਭਗ ਸੱਤ ਲੱਖ ਰੁਪਏ ਖਰਚ ਕਰ ਦਿੱਤੇ ਅਤੇ ਇੱਕ ਦੋਪਹੀਆ ਵਾਹਨ ਵੀ ਖਰੀਦਿਆ ਸੀ, ਜਿਹੜਾ ਪੁਲਸ ਨੇ ਲੱਭ ਲਿਆ ਹੈ।

## ਲਾੜੇ ਤੋਂ ਥੱਪੜ ਖਾਣ ਪਿੱਛੋਂ ਕੁੜੀ ਨੇ ਚਚੇਰੇ ਭਰਾ ਨਾਲ ਸ਼ਾਦੀਕਰ ਲਈ

ਚੇਨਈ, 23 ਜਨਵਰੀ (ਪੋਸਟ ਬਿਊਰੋ)- ਤਮਿਲਨਾਡੂ ਦੇ ਕੁਡਲੋਰ ਜ਼ਿਲ੍ਹੇ ਵਿੱਚ ਇੱਕ ਥੱਪੜ ਨਾਲ ਨਾਰਾਜ਼ ਹੋ ਕੇ ਲੜਕੀ ਨੇ ਸ਼ਾਦੀ ਤੋੜ ਦਿੱਤੀ ਅਤੇ ਆਪਣੇ ਚਚੇਰੇ ਭਰਾ ਨਾਲ ਸ਼ਾਦੀ ਕਰ ਲਈ।

ਇਹ ਘਟਨਾ ਕੁਡਲੋਰ ਜ਼ਿਲ੍ਹੇ ਦੇ ਪਨਰੂਤੀ ਦੀ ਹੈ, ਜਿੱਥੇ ਇੱਕ ਪ੍ਰਸਿੱਧ ਵਪਾਰੀ ਦੀ ਬੇਟੀ ਦੀ ਸ਼ਾਦੀ ਲਈ ਇੱਕ ਗੈਸਟ ਹਾਊਸ ਬੁੱਕ ਕੀਤਾ ਗਿਆ ਸੀ ਤੇ 19 ਜਨਵਰੀ ਨੂੰ ਵਿਆਹ ਸਮਾਰੋਹ ਹੋਣਾ ਸੀ। ਲੜਕੀ ਦੀ ਸ਼ਾਦੀ ਘਰ ਵਾਲਿਆਂ ਦੀ ਰਜਾਮੰਦੀ ਨਾਲ ਤਹਿ ਹੋਈ ਸੀ। ਸਾਰੀਆਂ ਰਸਮਾਂ ਨਿਭਾਈਆਂ ਗਈਆਂ। ਲੜਕੀ ਸ਼ਾਦੀ ਦੇ ਲਈ ਤਿਆਰ ਹੋਣ ਬਿਊਟੀ ਪਾਰਲਰ ਗਈ। ਉਥੋਂ ਜਦੋਂ ਉਹ ਗੈਸਟ ਹਾਊਸ ਵਾਪਸ ਆਈ ਤਾਂ ਪਰਵਾਰ ਨਾਲ ਨੱਚਦੇ ਹੋਏ ਐਂਟਰੀ ਕੀਤੀ। ਲੜਕੀ ਦਾ ਇਹ ਤਰੀਕਾ ਲੜਕੇ ਨੂੰ ਚੰਗਾ ਨਹੀਂਲੱਗਾ ਅਤੇ ਸਾਰਿਆਂ ਦੇ ਸਾਹਮਣੇ ਦੋਹਾਂ ਦੀ ਬਹਿਸ ਹੋ ਗਈ। ਗੱਲ ਇੰਨੀ ਵਧ ਗਈ ਕਿ ਲੜਕਾ ਆਪੇਤੋਂ ਬਾਹਰ ਹੋ ਗਿਆ ਅਤੇ ਸਭ ਦੇ ਸਾਹਮਣੇ ਲੜਕੀ ਨੂੰ ਥੱਪੜ ਮਾਰ ਦਿੱਤਾ।

ਸ਼ਾਦੀ ਦੇ ਦੌਰਾਨ ਲੜਕੇ ਵੱਲੋਂ ਥੱਪੜ ਮਾਰੇ ਜਾਣ ਨਾਲ ਨਾਰਾਜ਼ ਲੜਕੀ ਨੇ ਵੀ ਲੜਕੇ ਨੂੰ ਥੱਪੜ ਮਾਰ ਦਿੱਤਾ। ਇੰਨੀ ਦੇਰ ਵਿੱਚ ਲੜਕੀ ਦੇ ਪਿਤਾ ਨੇ ਵਿਚਾਲੇ ਆ ਕੇ ਦੋਨਾਂ ਨੂੰ ਅਲੱਗ ਕੀਤਾ ਅਤੇ ਸ਼ਾਦੀ ਤੋੜ ਕੇ ਸਾਰਿਆਂ ਨੂੰ ਗੈਸਟ ਹਾਊਸ ਤੋਂ ਜਾਣ ਲਈ ਕਹਿ ਦਿੱਤਾ।ਲੜਕੀ ਦੇ ਪਿਤਾ ਨੇ ਆਪਣੀ ਬੇਟੀ ਦੀ ਸ਼ਾਦੀ ਉਸਦੇ ਚਚੇਰੇ ਭਰਾ ਨਾਲ ਕਰਾਉਣ ਦੀ ਗੱਲ ਕਹੀ ਤਾਂ ਪਰਵਾਰ ਅਤੇ ਲੜਕੀ ਇਸ ਦੇ ਲਈ ਤਿਆਰ ਹੋ ਗਏ ਅਤੇ ਇੱਕ ਮੰਦਿਰ ਵਿੱਚ ਦੋਨਾਂ ਦੀ ਸ਼ਾਦੀ ਕਰਾਈ ਗਈ।

# ਰਾਸ਼ਣ ਭੰਡਾਰ ਤੇ ਸਪਲਾਈ ਵਿੱਚ ਰਾਜਾਂ ਦੀ ਭੂਮਿਕਾ ਵਧੇਗੀ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਅਗਲੇ ਆਮ ਬਜਟ ਵਿੱਚ ਭਾਰਤ ਵਿੱਚ ਖੁਰਾਕ ਭੰਡਾਰ ਕਰਨ ਤੇ ਰਾਸ਼ਨ ਸਪਲਾਈ ਵਿਵਸਥਾ ਵਿੱਚ ਰਾਜਾਂ ਦੀ ਭੂਮਿਕਾ ਨੂੰ ਹੋਰ ਵਧਾਉਣ ਉੱਤੇ ਜ਼ੋਰ ਦਿੱਤਾ ਜਾਵੇਗਾ ਅਤੇ ਇਸ ਦੇ ਨਾਲ ਅਨਾਜ ਦੀ ਢੁਆਈ ਅਤੇ ਉਸ ਦੇ ਰੱਖ-ਰਖਾਓ ਦਾ ਖਰਚ ਘਟਾਉਣ ਵਿੱਚ ਮਦਦ ਮਿਲੇਗੀ।

ਨੈਸ਼ਨਲ ਫੂਡ ਸੇਫਟੀ ਐਕਟ (ਐਨ ਐਫ ਐਸ ਏ) ਦੇ ਤਹਿਤ ਭਾਰਤ ਦੀ 81 ਕਰੋੜ ਜਨਤਾ ਨੂੰ ਰਿਆਇਤੀ ਦਰਾਂ ਉੱਤੇ ਅਨਾਜ ਦਿੱਤਾ ਜਾਂਦਾ ਹੈ। ਇਸਦੇ ਲਈ ਕੇਂਦਰੀ ਪੂਲ ਵਿੱਚ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਵਿੱਚ ਕਣਕ ਅਤੇ ਚਾਵਲ ਦੀ ਭਾਰੀ ਖਰੀਦ ਕੀਤੀ ਜਾਂਦੀ ਹੈ।ਸਰਕਾਰੀ ਖਰੀਦ ਵਾਲੇ ਅਨਾਜ ਦਾ ਭੰਡਾਰ ਉਨ੍ਹਾਂ ਦਾ ਉਤਪਾਦਨ ਕਰਨ ਵਾਲੇ ਰਾਜਾਂ ਵਿੱਚ ਕੀਤਾ ਜਾਂਦਾ ਹੈ। ਜਨਤਕ ਸਪਲਾਈ ਸਿਸਟਮ (ਪੀ ਡੀ ਐਸ) ਦੇ ਲਈ ਖੁਰਾਕੀ ਪਦਾਰਥਾਂ ਦੀ ਸਪਲਾਈਖਪਤਕਾਰ ਰਾਜਾਂ ਵਿੱਚ ਹੁੰਦੀ ਤੇ ਭਾਰੀ ਲਾਜਿਸਟਿਕਸ ਖਰਚ ਹੁੰਦਾ ਹੈ। ਵਧਦੀ ਖੁਰਾਕ ਸਬਸਿਡੀਨੂੰ ਕਾਬੂ ਕਰਨਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਇਸ ਬੱਜਟ ਵਿੱਚ ਸੁਧਾਰ ਕਰ ਸਕਦੀ ਹੈ।

ਵਰਨਣ ਯੋਗ ਹੈ ਕਿ ਭਾਰਤੀ ਖੁਰਾਕ ਕਾਰਪੋਰੇਸ਼ਨ (ਐਫ ਸੀ ਆਈ) ਨੇ ਸਾਲ 1965 ਵਿੱਚ ਜਿੱਥੇ 13 ਲੱਖ ਟਨ ਅਨਾਜ ਦੀ ਖਰੀਦ ਕੀਤੀ ਸੀ, ਉਹ ਵੱਧ ਕੇ 13 ਕਰੋੜ ਟਨ ਤੋਂ ਉਪਰ ਹੋ ਚੁੱਕੀ ਹੈ। ਉਸ ਸਮੇਂ ਜਿੱਥੇ ਸਿਰਫ18 ਲੱਖ ਟਨ ਅਨਾਜ ਰਾਸ਼ਨ ਦੁਕਾਨਾਂ ਤੋਂ ਗਰੀਬਾਂ ਵਿੱਚ ਵੰਡਿਆ ਜਾਂਦਾ ਸੀ, ਜਿਹੜਾ ਵਧ ਕੇ ਛੇ ਕਰੋੜ ਟਨ ਹੋ ਗਿਆ ਹੈ। ਇਸ ਉੱਤੇ ਖਰਚ ਅਤੇ ਖੁਰਾਕ ਸਬਸਿਡੀ ਸਰਕਾਰੀ ਖਜ਼ਾਨੇ ਉੱਤੇ ਭਾਰੀ ਪੈਂਦੀ ਹੈ।

# ਕਸ਼ਮੀਰ ਮੁੱਦਾ: ਯੂ ਐੱਨ ਸੈਕਟਰੀ ਜਨਰਲ ਨੂੰ ਸ਼ਾਂਤਮਈ ਹੱਲ ਦੀ ਆਸ



ਯੂ ਐੱਨ ਓ, 23 ਜਨਵਰੀ (ਪੋਸਟ ਬਿਊਰੋ)- ਯੂ ਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਨੇ ਆਸ ਪ੍ਰਗਟ ਕੀਤੀ ਹੈ ਕਿ ਭਾਰਤ ਤੇ ਪਾਕਿ-ਸਤਾਨ ਵਿਚਾਲੇ ਕਸ਼ਮੀਰ ਮੁੱਦੇ ਦਾ ਸ਼ਾਂਤਮਈ ਹੱਲ ਨਿਕਲ ਸਕਦਾ ਹੈ।

ਗੁਤਰਸ ਨੇ ਕਿਹਾ, 'ਯੂ ਐੱਨ ਓ ਦਾ ਰੁਖ਼ ਅਤੇ ਸੰਕਲਪ ਇੱਕੋ ਜਿਹੇ ਹਨ। ਤੁਸੀਂ ਜਾਣਦੇ ਹੋ, ਸਾਡੀ ਉਥੇ ਅਮਨ ਕਾਇਮਰੱਖਣਦੀ ਜੱਦੋ ਜਹਿਦ ਹੈ। ਅਸੀਂ ਵਚਨਬੱਧ ਹਾਂ।' ਉਨ੍ਹਾਂ ਕਿਹਾ, "ਮੈਂ ਕਈ ਵਾਰ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ ਤੇ ਸਾਨੂੰ ਉਮੀਦ ਹੈ ਕਿ ਇਸ ਦਾ ਸ਼ਾਂਤਮਈ ਹੱਲ ਕੱਢਿਆ ਜਾ ਸਕਦਾ ਹੈ। ਕਸ਼ਮੀਰ ਵਿੱਚ ਅਜਿਹੀ ਸਥਿਤੀ ਹੈ, ਜਿਸ ਵਿੱਚ ਮਨੁੱਖੀ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਉਥੇ ਲੋਕ ਸ਼ਾਂਤੀ ਤੇ ਸੁਰੱਖਿਆ ਨਾਲ ਰਹਿ ਸਕਦੇ ਹਨ।' ਪੱਤਰਕਾਰ ਵਾਰਤਾ ਦੌਰਾਨਗੁਤਰਸ ਇੱਕ ਪਾਕਿਸਤਾਨੀ ਪੱਤਰਕਾਰ ਦੇ ਸਵਾਲ ਦਾ ਜਵਾਬ ਦੇ ਰਹੇ ਸਨ। ਵਰਨਣ ਯੋਗ ਹੈ ਕਿ ਭਾਰਤ ਨੇ ਕਸ਼ਮੀਰ ਦੇ ਮੁੱਦੇ ਉੱਤੇ ਭਾਰਤ-ਪਾਕਿ ਵਿਚਾਲੇ ਕਿਸੇ ਤੀਜੀ ਧਿਰ ਦੀ ਵਿਚੋਲਗੀ ਸਿਰੇ ਤੋਂ ਰੱਦ ਕੀਤੀ ਹੋਈ ਹੈ। ਭਾਰਤ ਦਾ ਦਹਾਕਿਆਂ ਤੋਂ ਸਪੱਸ਼ਟ ਰੁਖ਼ ਹੈ ਕਿ ਦੋਵੇਂ ਦੇਸ਼ ਇਸ ਮੁੱਦੇ ਉੱਤੇ ਦੁਵੱਲੀ ਚਰਚਾ ਕਰ ਸਕਦੇ ਹਨ। ਗੁਤਰਸ ਨੇ ਅਗਸਤ 2019 ਵਿੱਚ ਇੱਕ ਬਿਆਨ ਵਿੱਚ ਭਾਰਤ ਤੇ ਪਾਕਿਸਤਾਨ ਵਿਚਾਲੇ ਸਾਲ 1972 ਦੇ ਦੁਵੱਲੇ ਸਮਝੌਤੇ ਨੂੰ ਯਾਦ ਕੀਤਾ ਸੀ, ਜਿਸ ਨੂੰ ਸ਼ਿਮਲਾ ਸਮਝੌਤੇਵਜੋਂ ਜਾਣਿਆ ਜਾਂਦਾ ਹੈ। ਇਸ ਸਮਝਤੇ ਉੱਤੇਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਪਾਕਿਸਤਾਨ ਦੇਓਦੋਂ ਦੇ ਰਾਸ਼ਟਰਪਤੀ ਜ਼ੁਲਫਿਕਾਰ ਅਲੀ ਭੁੱਟੋ ਨੇ ਦਸਤਖਤ ਕੀਤੇ ਸਨ, ਜੋ ਕਸ਼ਮੀਰ ਮੁੱਦੇ ਉੱਤੇ ਕਿਸੇ ਤੀਜੀ ਧਿਰ ਦੀ ਵਿਚੋਲਗੀ ਨੂੰ ਰੱਦ ਕਰਦਾ ਹੈ।

# ਮਾਰੇ ਗਏ ਚੀਨੀ ਨਾਗਰਿਕਾਂ ਦੇ ਵਾਰਸਾਂ ਨੂੰ ਪਾਕਿਸਤਾਨ 86 ਕਰੋੜ ਦਾ ਮੁਆਵਜ਼ਾ ਦੇਵੇਗਾ



ਬੀਜਿੰਗ, 23 ਜਨਵਰੀ (ਪੋਸਟ ਬਿਊਰੋ)- ਚੀਨ ਦੇ ਦਬਾਅ ਵਿੱਚ ਪਾਕਿਸਤਾਨ ਦੀ ਆਰਥਿਕ ਸਨਮਾਨ ਕਮੇਟੀ (ਈ ਸੀ ਸੀ) ਨੇ ਬੀਤੇ ਸਾਲ 13 ਜੁਲਾਈ ਨੂੰ ਹੋਏ ਅੱਤਵਾਦੀ ਹਮਲੇ ਵਿੱਚ ਮ੍ਰਿਤਕ ਤੇ ਜ਼ਖ਼ਮੀ 36 ਚੀਨੀ ਨਾਗਰਿਕਾਂ ਦੇ ਵਾਰਸਾਂ ਨੂੰ 1.16 ਕਰੋੜ ਡਾਲਰ (ਕਰੀਬ 86 ਕਰੋੜ) ਦਾ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਚੀਨੀ ਠੇਕੇਦਾਰਾਂ ਅਤੇ ਮੁਲਾਜ਼ਮਾਂ ਦੀ ਸੁਰੱਖਿਆ ਅਤੇ ਦਾਸੂ ਬੰਨ ਪ੍ਰਾਜੈਕਟ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੇ ਮੁੱਦੇ ਉੱਤੇ ਚੀਨ ਅਤੇ ਪਾਕਿਸਤਾਨ ਦੇ ਸੰਬੰਧਾਂ ਵਿੱਚ ਤਣਾਅ ਪੈਦਾ ਹੋ ਗਿਆ ਸੀ। ਵਿਸ਼ਵ ਬੈਂਕ ਦੀ ਮਦਦ ਨਾਲ ਖੈਬਰ ਪਖਤੂਨਖਵਾ ਰਾਜ ਵਿੱਚ ਚੱਲਦੇ ਦਾਸੂ ਜਲਬਿਜਲੀ ਪ੍ਰਾਜੈਕਟ ਯੋਜਨਾ, ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀਈਸੀ) ਦਾ ਹਿੱਸਾ ਨਹੀਂ ਹੈ। ਰਿਪੋਰਟ ਅਨੁਸਾਰ ਅੱਤਵਾਦੀ ਹਮਲੇ ਦੇ ਪੀੜਤ ਚੀਨੀ ਨਾਗਰਿਕਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ ਦਾ ਫੈਸਲਾ ਈ ਸੀ ਸੀ ਦੀ ਬੈਠਕ ਵਿੱਚ ਹੋਇਆ ਹੈ, ਜਿਸਦੀ ਪ੍ਰਧਾਨਗੀ ਵਿੱਤ ਮੰਤਰੀ ਸ਼ੌਕਤ ਤਰੀਨ ਨੇ ਕੀਤੀ ਸੀ। ਹਾਂਗਕਾਂਗ ਪੋਸਟ ਦੇ ਅਨੁਸਾਰ ਚੀਨੀ ਬਿਜਲੀ ਕੰਪਨੀਆਂ ਚੀਨ ਵਿੱਚ ਹੋਏ ਅਜਿਹੇ ਹੀ ਹਾਦਸੇ ਵਿੱਚ ਪੀੜਤਾਂ ਦੇ ਪਰਵਾਰ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੇ ਮੁਕਾਬਲੇ ਛੇ ਗੁਣਾ ਭੁਗਤਾਨ ਲਈਪਾਕਿਸਤਾਨ ਉੱਤੇ ਦਬਾਅ ਬਣਾ ਰਹੀਆਂ ਸਨ। ਇਸ ਅੱਤਵਾਦੀ ਹਮਲੇ ਪਿੱਛੋਂ ਚੀਨੀ ਕੰਪਨੀ ਨੇ ਕੰਮ ਬੰਦ ਕਰਕੇ 3.7 ਕਰੋੜ ਡਾਲਰ ਮੁਆਵਜ਼ੇ ਦੀ ਮੰਗ ਕੀਤੀ ਸੀ। ਅਧਿਕਾਰੀਆਂ ਅਨੁਸਾਰ ਜਿਸ ਤਰ੍ਹਾਂ ਚੀਨ ਦਾ ਦਬਦਬਾ ਵਧ ਰਿਹਾ ਹੈ, ਉਸਦੇ ਅਨੁਸਾਰ ਸਾਲ 2025 ਤਕ ਪਾਕਿਸਤਾਨ ਵਿੱਚ ਕੰਮ ਕਰਨ ਵਾਲੇ ਚੀਨੀ ਨਾਗਰਿਕਾਂ ਦੀ ਗਿਣਤੀ 50 ਲੱਖ ਤੋਂ ਜ਼ਿਆਦਾ ਹੋ ਜਾਵੇਗੀ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

0191-9779100149



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8









CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ





8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866





26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS-JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀਂ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਚੀਮਾ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Iqbal Mahal Producer & Host
Cell:416-587-5520
Email: iqbalmahal46@gmail.com
Serving the South Asian Community Since 1976

You can Place Your Business Here
(905)793-2202
To Reach Wider Audience



For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫ਼ਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 **(2009,2008) 2012,2011,2010) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੇਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017